# ਹਾਈ ਸਟੈਂਡਰਡ ਨਿਊਜ਼

HIGH STANDARD NEWS

HIGHSTANDARDNEWS

Date 1.08.2024

www.hsnnews.in | PUNPUN/2024/86289 | President:-Shailzadwivedi | Email:info@hsnnews.in

Vol.11 | Augest- 2024 | Published in Punjab | Pages 8


## ਭਾਰੀ ਮੀਂਹ ਕਾਰਨ ਸ਼ਰਧਾਲੂਆਂ ਨੂੰ ਕੇਦਾਰਨਾਥ ਯਾਤਰਾ ਮੁਲਤਵੀ ਕਰਨ ਦੀ



ਭਾਰੀ ਮੀਂਹ ਕਾਰਨ ਰੁਦਰਪ੍ਰਯਾਗ ਪ੍ਰਸ਼ਾਸਨ ਨੇ ਸ਼ਰਧਾਲੂਆਂ ਨੂੰ ਵੀਰਵਾਰ ਦੀ ਕੇਦਾਰਨਾਥ ਯਾਤਰਾ ਮੁਲਤਵੀ ਕਰਨ ਲਈ ਕਿਹਾ ਹੈ। ਇਸ ਦੇ ਨਾਲ ਹੀ ਉੱਤਰਾਖੰਡ 'ਚ ਬੁੱਧਵਾਰ ਤੋਂ ਲੈ ਕੇ ਹੁਣ ਤੱਕ ਵੱਖ-ਵੱਖ ਥਾਵਾਂ 'ਤੇ ਬਾਰਿਸ਼ ਨਾਲ ਜੁੜੀਆਂ ਘਟਨਾਵਾਂ 'ਚ 8 ਲੋਕਾਂ ਦੀ ਮੌਤ ਹੋ ਗਈ ਅਤੇ ਕਰੀਬ 6 ਹੋਰ ਜ਼ਖ਼ਮੀ ਹੋ ਗਏ। ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਸੂਬੇ ਵਿੱਚ ਬਰਸਾਤ ਕਾਰਨ ਵਿਗੜੀ ਸਥਿਤੀ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਸੂਬੇ ਦੇ ਲੋਕਾਂ ਅਤੇ ਬਾਹਰੋਂ ਆਉਣ ਵਾਲੇ ਯਾਤਰੀਆਂ ਦੀ ਸੁਰੱਖਿਆ ਉਨ੍ਹਾਂ ਦੀ ਪਹਿਲ ਹੈ।ਉਨ੍ਹਾਂ ਨੇ ਕਿਹਾ ਕਿ ਬਚਾਅ ਟੀਮਾਂ ਨੇ ਪ੍ਰਭਾਵਿਤ ਥਾਵਾਂ 'ਤੇ ਰਾਤ ਭਰ ਮੁਹਿੰਮ ਚਲਾਈ ਅਤੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ। ਦੇਹਰਾਦੂਨ ਦੇ ਸੀਨੀਅਰ ਪੁਲਸ ਸੁਪਰਡੈਂਟ ਅਜੇ ਸਿੰਘ ਨੇ ਦੱਸਿਆ ਕਿ ਬੁੱਧਵਾਰ ਰਾਤ ਰਾਏਪੁਰ ਇਲਾਕੇ 'ਚ ਦੋ ਵਿਅਕਤੀ ਨਹਿਰ 'ਚ ਡੁੱਬ ਗਏ। ਇਨ੍ਹਾਂ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ, ਜਿਨ੍ਹਾਂ ਦੀ ਪਛਾਣ ਸੁੰਦਰ ਸਿੰਘ ਅਤੇ ਅਰਜੁਨ ਸਿੰਘ ਰਾਣਾ ਵਜੋਂ ਹੋਈ ਹੈ। ਹਰਿਦੁਆਰ ਜ਼ਿਲ੍ਹੇ ਦੇ ਰੁੜਕੀ ਖੇਤਰ ਦੇ ਭਾਰਪੁਰ ਪਿੰਡ 'ਚ ਭਾਰੀ ਮੀਂਹ ਕਾਰਨ ਇਕ ਮਕਾਨ ਡਿੱਗ ਗਿਆ, ਜਿਸ ਕਾਰਨ ਮਲਬੇ ਹੇਠਾਂ ਦੱਬ ਕੇ ਤਿੰਨ ਲੋਕਾਂ ਦੀ ਮੌਤ ਹੋ ਗਈ ਅਤੇ ਕਰੀਬ 6 ਲੋਕ ਜ਼ਖ਼ਮੀ ਹੋ ਗਏ। ਟਿਹਰੀ ਜ਼ਿਲ੍ਹੇ ਦੇ ਘਨਸਾਲੀ ਦੇ ਪਿੰਡ ਜਖਨਿਆਲੀ ਵਿੱਚ ਬੱਦਲ ਫਟਣ ਕਾਰਨ ਇੱਕੋ ਪਰਿਵਾਰ ਦੇ ਤਿੰਨ ਮੈਂਬਰਾਂ ਦੀ ਮੌਤ ਹੋ ਗਈ। ਟਿਹਰੀ ਦੇ ਜ਼ਿਲ੍ਹਾ ਆਫਤ ਪ੍ਰਬੰਧਨ ਅਧਿਕਾਰੀ ਬ੍ਰਿਜੇਸ਼ ਭੱਟ ਨੇ ਦੱਸਿਆ ਕਿ ਭਾਨੂ ਪ੍ਰਸਾਦ (50) ਅਤੇ ਉਸ ਦੀ ਪਤਨੀ ਨੀਲਮ ਦੇਵੀ (45) ਦੀਆਂ ਲਾਸ਼ਾਂ ਮਲਬੇ 'ਚੋਂ ਬਰਾਮਦ ਕਰ ਲਈਆਂ ਗਈਆਂ ਹਨ, ਜਦਕਿ ਉਨ੍ਹਾਂ ਦੇ ਬੇਟੇ ਵਿਪਿਨ (28) ਨੂੰ ਜ਼ਖ਼ਮੀ ਹਾਲਤ 'ਚ ਬਾਹਰ ਕੱਢਿਆ ਗਿਆ। ਉਨ੍ਹਾਂ ਨੇ ਦੱਸਿਆ ਕਿ ਦੇਰ ਰਾਤ ਕਰੀਬ 2 ਵਜੇ ਸਾਹ ਲੈਣ ਵਿੱਚ ਤਕਲੀਫ਼ ਹੋਣ ਕਾਰਨ ਵਿਪਿਨ ਨੂੰ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਏਮਜ਼), ਰਿਸ਼ੀਕੇਸ਼ ਲਿਜਾਇਆ ਜਾ ਰਿਹਾ ਸੀ ਪਰ ਦੇਰ ਰਾਤ ਉਸ ਦੀ ਮੌਤ ਹੋ ਗਈ। ਕੇਦਾਰਨਾਥ ਦਰਸ਼ਨ ਲਈ ਰੁਦਰਪ੍ਰਯਾਗ ਪਹੁੰਚੇ ਸ਼ਰਧਾਲੂਆਂ ਲਈ ਰੁਦਰਪ੍ਰਯਾਗ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇੱਕ ਐਡਵਾਈਜ਼ਰੀ ਜਾਰੀ ਕੀਤੀ ਗਈ, ਜਿਸ ਵਿੱਚ ਉਨ੍ਹਾਂ ਨੂੰ ਕਿਹਾ ਗਿਆ ਕਿ ਫਿਲਹਾਲ ਉਹ ਜਿੱਥੇ ਵੀ ਹਨ, ਸੁਰੱਖਿਅਤ ਰੁੱਕੇ ਰਹਿਣ ਅਤੇ ਆਪਣੀ ਕੇਦਾਰਨਾਥ ਧਾਮ ਯਾਤਰਾ ਨੂੰ ਮੁਲਤਵੀ ਕਰ ਦੇਣ। ਐਡਵਾਈਜ਼ਰੀ 'ਚ ਕਿਹਾ ਗਿਆ ਹੈ ਕਿ ਫਿਲਹਾਲ ਸੋਨਪ੍ਰਯਾਗ ਤੋਂ ਅੱਗੇ ਮੋਟਰਵੇਅ ਅਤੇ ਪੈਦਲ ਮਾਰਗ ਦੀ ਹਾਲਤ ਬਿਲਕੁਲ ਵੀ ਠੀਕ ਨਹੀਂ ਹੈ। ਰੂਟ ਦੀ ਸ਼ੁੱਧਤਾ ਅਤੇ ਯਾਤਰਾ ਦੀ ਨਿਰਵਿਘਨਤਾ ਬਾਰੇ ਵੱਖਰੀ ਜਾਣਕਾਰੀ ਦਿੱਤੀ ਜਾਵੇਗੀ। ਬੀਤੀ ਰਾਤ ਭਾਰੀ ਮੀਂਹ ਕਾਰਨ ਗੌਰੀਕੁੰਡ-ਕੇਦਾਰਨਾਥ ਪੈਦਲ ਰਸਤੇ 'ਤੇ ਭਿੰਬਲੀ 'ਚ 20-25 ਮੀਟਰ ਸੜਕ ਧਸ ਗਈ ਅਤੇ ਪਹਾੜੀ ਤੋਂ ਵੱਡੇ-ਵੱਡੇ ਪੱਥਰ ਡਿੱਗ ਕੇ ਰਸਤੇ 'ਤੇ ਆ ਗਏ। ਰਾਜ ਦੇ ਆਫ਼ਤ ਪ੍ਰਬੰਧਨ ਸਕੱਤਰ ਵਿਨੋਦ ਕੁਮਾਰ ਸੁਮਨ ਨੇ ਦੱਸਿਆ ਕਿ ਇਸ ਦੌਰਾਨ ਉੱਥੇ ਫਸੇ ਲਗਭਗ 200 ਸ਼ਰਧਾਲੂਆਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ। ਇਸ ਤੋਂ ਇਲਾਵਾ ਮੰਦਾਕਿਨੀ ਨਦੀ ਦੇ ਪਾਣੀ ਦਾ ਪੱਧਰ ਚੇਤਾਵਨੀ ਪੱਧਰ ਦੇ ਨੇੜੇ ਹੋਣ ਕਾਰਨ ਸੋਨਪ੍ਰਯਾਗ ਸਥਿਤ ਪਾਰਕਿੰਗ ਖੇਤਰ ਨੂੰ ਖਾਲੀ ਕਰਵਾ ਲਿਆ ਗਿਆ ਹੈ। ਮੌਸਮ ਵਿਭਾਗ ਤੋਂ ਮਿਲੀ ਜਾਣਕਾਰੀ ਮੁਤਾਬਕ ਦੇਹਰਾਦੂਨ 'ਚ ਹੀ ਪਿਛਲੇ 24 ਘੰਟਿਆਂ 'ਚ 172 ਮਿਲੀਮੀਟਰ ਬਾਰਿਸ਼ ਦਰਜ ਕੀਤੀ ਗਈ ਹੈ। ਮੁੱਖ ਮੰਤਰੀ, ਜੋ ਸੂਬੇ ਵਿੱਚ ਵੱਧ ਬਾਰਿਸ਼ ਦੀ ਖੁਦ ਨਿਗਰਾਨੀ ਕਰ ਰਹੇ ਹਨ, ਨੇ ਅਧਿਕਾਰੀਆਂ ਨੂੰ ਚੌਕਸ ਰਹਿਣ ਲਈ ਕਿਹਾ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕਾਂ ਅਤੇ ਸੂਬੇ ਵਿੱਚ ਆਉਣ ਵਾਲੇ ਯਾਤਰੀਆਂ ਦੀ ਸੁਰੱਖਿਆ ਉਨ੍ਹਾਂ ਦੀ ਮੁੱਖ ਤਰਜੀਹ ਹੈ। ਸੋਸ਼ਲ ਮੀਡੀਆ 'ਤੇ ਇਕ ਪੋਸਟ 'ਚ ਧਾਮੀ ਨੇ ਕਿਹਾ ਕਿ ਸੂਬੇ 'ਚ ਬੁੱਧਵਾਰ ਰਾਤ ਨੂੰ ਹੋਈ ਭਾਰੀ ਬਾਰਿਸ਼ ਕਾਰਨ ਕਈ ਥਾਵਾਂ 'ਤੇ ਜਨਜੀਵਨ ਪ੍ਰਭਾਵਿਤ ਹੋਇਆ ਅਤੇ ਬਚਾਅ ਟੀਮਾਂ ਨੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣ ਲਈ ਰਾਤ ਭਰ ਮੁਹਿੰਮ ਚਲਾਈ।

## ਹਾਈ ਵੋਲਟੇਜ ਤਾਰ ਦੇ ਸੰਪਰਕ ਚ ਆਈ ਕਾਂਵੜੀਆਂ ਦੀ ਗੱਡੀ, 5 ਦੀ ਮੌਤ



ਝਾਰਖੰਡ ਦੇ ਲਾਤੇਹਾਰ ਜ਼ਿਲੇ 'ਚ ਵੀਰਵਾਰ ਤੜਕੇ ਦੋ ਨਾਬਾਲਗਾਂ ਸਮੇਤ 5 ਕੰਵਾਰੀਆਂ ਦੀ ਮੌਤ ਹੋ ਗਈ, ਜਦੋਂ ਉਨ੍ਹਾਂ ਦਾ ਵਾਹਨ ਹਾਈ ਵੋਲਟੇਜ ਤਾਰ ਦੇ ਸੰਪਰਕ 'ਚ ਆ ਗਿਆ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਇਹ ਹਾਦਸਾ ਬਾਲੂਮਥ ਥਾਣਾ ਖੇਤਰ ਅਧੀਨ ਆਉਣ ਵਾਲੇ ਤਮ-ਤਮ ਟੋਲਾ 'ਚ ਤੜਕੇ ਕਰੀਬ 3 ਵਜੇ ਵਾਪਰਿਆ। ਇਸ ਘਟਨਾ ਵਿਚ ਤਿੰਨ ਲੋਕ ਝੁਲਸ ਵੀ ਗਏ। ਸ਼ਰਧਾਲੂ ਦੇਵਘਰ ਦੇ ਬਾਬਾ ਬੈਦਿਆਨਾਥ ਮੰਦਰ ਤੋਂ ਵਾਪਸ ਆ ਰਹੇ ਸਨ, ਜਦੋਂ ਉਨ੍ਹਾਂ ਦੀ ਗੱਡੀ ਬਿਜਲੀ ਦੇ ਖੰਭੇ ਨਾਲ ਟਕਰਾ ਗਈ। ਬਾਲੂਮਥ ਸਬ-ਡਿਵੀਜ਼ਨ ਪੁਲਸ ਅਧਿਕਾਰੀ ਆਸ਼ੂਤੋਸ਼ ਕੁਮਾਰ ਸਤਿਅਮ ਨੇ ਦੱਸਿਆ ਕਿ ਹਾਈ ਵੋਲਟੇਜ ਤਾਰ ਉਨ੍ਹਾਂ ਦੀ ਗੱਡੀ 'ਤੇ ਡਿੱਗ ਗਈ, ਜਿਸ ਕਾਰਨ 5 ਲੋਕਾਂ ਦੀ ਮੌਤ ਹੋ ਗਈ ਅਤੇ ਤਿੰਨ ਹੋਰ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ 4 ਮ੍ਰਿਤਕਾਂ ਦੀ ਪਛਾਣ ਰੰਗੀਲੀ ਕੁਮਾਰੀ (12), ਅੰਜਲੀ ਕੁਮਾਰੀ (15), ਦਿਲੀਪ ਓਰਾਵਾਂ (29) ਅਤੇ ਸਬਿਤਾ ਦੇਵੀ (30) ਵਜੋਂ ਹੋਈ ਹੈ।

## ਕੇਰਲ 'ਚ ਜ਼ਮੀਨ ਖਿਸਕਣ ਕਾਰਨ ਹੁਣ ਤੱਕ 173 ਲੋਕਾਂ ਦੀ ਮੌਤ, 200 ਤੋਂ ਵੱਧ ਜ਼ਖ਼ਮੀ



ਕੇਰਲ ਦੇ ਵਾਇਨਾਡ ਜ਼ਿਲ੍ਹੇ 'ਚ ਜ਼ਮੀਨ ਖਿਸਕਣ ਦੀਆਂ ਘਟਨਾਵਾਂ 'ਚ ਮਰਨ ਵਾਲਿਆਂ ਦੀ ਗਿਣਤੀ 173 ਹੋ ਗਈ ਹੈ, ਜਦਕਿ 200 ਤੋਂ ਵੱਧ ਲੋਕ ਜ਼ਖਮੀ ਹੋ ਗਏ ਹਨ। ਇਸ ਮਾਮਲੇ ਦੇ ਸਬੰਧ ਵਿਚ ਜ਼ਿਲ੍ਹਾ ਪ੍ਰਸ਼ਾਸਨ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ ਹੈ। ਜ਼ਿਲ੍ਹਾ ਪ੍ਰਸ਼ਾਸਨ ਨੇ ਦੱਸਿਆ ਕਿ ਜ਼ਮੀਨ ਖਿਸਕਣ ਨਾਲ ਮਰਨ ਵਾਲਿਆਂ ਵਿੱਚ 23 ਬੱਚੇ ਅਤੇ 70 ਔਰਤਾਂ ਸ਼ਾਮਲ ਹਨ। ਇਸ ਦੇ ਨਾਲ ਹੀ ਜ਼ਿਲ੍ਹਾ ਪ੍ਰਸ਼ਾਸਨ ਨੇ ਦੱਸਿਆ ਕਿ 100 ਲਾਸ਼ਾਂ ਦੀ ਪਛਾਣ ਕਰ ਲਈ ਗਈ ਹੈ। ਆਫ਼ਤ ਪ੍ਰਭਾਵਿਤ ਇਲਾਕਿਆਂ ਤੋਂ ਕੱਢੇ ਗਏ 221 ਲੋਕਾਂ ਨੂੰ ਹਸਪਤਾਲਾਂ ਵਿੱਚ ਭਰਤੀ ਕਰਵਾਇਆ ਗਿਆ ਹੈ ਅਤੇ ਇਨ੍ਹਾਂ ਵਿੱਚੋਂ 91 ਦਾ ਅਜੇ ਵੀ ਇਲਾਜ ਚੱਲ ਰਿਹਾ ਹੈ। ਜ਼ਮੀਨ ਖਿਸਕਣ ਤੋਂ ਪ੍ਰਭਾਵਿਤ ਵਾਇਨਾਡ 'ਚ ਅਜੇ ਵੀ ਵੱਡੀ ਗਿਣਤੀ 'ਚ ਲੋਕ ਲਾਪਤਾ ਦੱਸੇ ਜਾ ਰਹੇ ਹਨ। ਬਚਾਅ ਕਰਮਚਾਰੀ ਮਾੜੇ ਹਾਲਾਤਾਂ ਵਿੱਚ ਵੀ ਖੋਜ ਅਤੇ ਬਚਾਅ ਕਾਰਜ ਜਾਰੀ ਰੱਖ ਰਹੇ ਹਨ। ਉਹਨਾਂ ਨੇ ਕਿਹਾ ਕਿ ਉਹ ਤਬਾਹ ਹੋਏ ਘਰਾਂ ਅਤੇ ਇਮਾਰਤਾਂ ਵਿੱਚ ਲੋਕਾਂ ਦੀ ਭਾਲ ਕਰ ਰਹੇ ਹਨ। ਸੋਮਵਾਰ ਤੜਕੇ 2 ਵਜੇ ਅਤੇ ਮੰਗਲਵਾਰ ਤੜਕੇ 4:10 ਵਜੇ ਵਾਇਨਾਡ ਦੇ ਵੱਖ-ਵੱਖ ਹਿੱਸਿਆਂ 'ਚ ਜ਼ਮੀਨ ਖਿਸਕ ਗਈ, ਜਿਸ ਕਾਰਨ ਵੱਡੀ ਗਿਣਤੀ 'ਚ ਲੋਕ ਮਾਰੇ ਗਏ। ਵਾਇਨਾਡ ਜ਼ਿਲ੍ਹੇ 'ਚ ਮੰਗਲਵਾਰ ਤੜਕੇ ਮੁੰਡਾਕਾਈ, ਚੂਰਾਮਾਲਾ, ਅੱਟਾਮਾਲਾ ਅਤੇ ਨੂਲਪੁਝਾ ਪਿੰਡਾਂ 'ਚ ਭਾਰੀ ਮੀਂਹ ਤੋਂ ਬਾਅਦ ਜ਼ਮੀਨ ਖਿਸਕਣ ਦੀ ਸੂਚਨਾ ਮਿਲੀ।

## ਭਾਰਤ ਸਵਦੇਸ਼ੀ ਤਕਨੀਕ ਨਾਲ ਕਰ ਰਿਹਾ ਬੁਲੇਟ ਟ੍ਰੇਨ ਨੂੰ ਵਿਕਸਤ ਕਰਨ ਦਾ ਕੰਮ



ਰੇਲ ਮੰਤਰੀ ਅਸ਼ਵਿਨੀ ਵੈਸ਼ਣਵ ਨੇ ਬੁੱਧਵਾਰ ਨੂੰ ਕਿਹਾ ਕਿ ਭਾਰਤ ਸਵਦੇਸ਼ੀ ਤਕਨੀਕ ਨਾਲ ਦੇਸ਼ ’ਚ ਬੁਲੇਟ ਟ੍ਰੇਨ ਵਿਕਸਤ ਕਰਨ ’ਤੇ ਕੰਮ ਕਰ ਰਿਹਾ ਹੈ। ਵੈਸ਼ਣਵ ਨੇ ਲੋਕ ਸਭਾ ’ਚ ਇਕ ਪੂਰਕ ਸਵਾਲ ਦੇ ਜਵਾਬ ’ਚ ਕਿਹਾ ਕਿ ਬੁਲੇਟ ਟ੍ਰੇਨ ਪ੍ਰਾਜੈਕਟ ਤਕਨੀਕੀ ਤੌਰ ’ਤੇ ਬਹੁਤ ਗੁੰਝਲਦਾਰ ਹੈ ਅਤੇ ਇਸ ਨੂੰ ਜਾਪਾਨ ਦੀ ਮਦਦ ਨਾਲ ਲਾਗੂ ਕੀਤਾ ਜਾ ਰਿਹਾ ਹੈ। ਪਹਿਲਾ ਬੁਲੇਟ ਟ੍ਰੇਨ ਪ੍ਰਾਜੈਕਟ ਅਹਿਮਦਾਬਾਦ ਅਤੇ ਮੁੰਬਈ ਵਿਚ ਨਿਰਮਾਣ ਅਧੀਨ ਹੈ।ਇਸ ਦੇ ਨਾਲ ਹੀ ਵੈਸ਼ਨਵ ਨੇ ਕਿਹਾ ਕਿ ਬੁਲੇਟ ਟਰੇਨ ਦੋ ਪੱਛਮੀ ਸ਼ਹਿਰਾਂ ਵਿਚਾਲੇ ਕੁੱਲ 508 ਕਿਲੋਮੀਟਰ ਦੀ ਦੂਰੀ ਤੈਅ ਕਰੇਗੀ, ਜਿਸ 'ਚੋਂ 320 ਕਿਲੋਮੀਟਰ 'ਤੇ ਕੰਮ ਪੂਰੇ ਜ਼ੋਰਾਂ 'ਤੇ ਚੱਲ ਰਿਹਾ ਹੈ। ਉਹਨਾਂ ਨੇ ਕਿਹਾ ਕਿ ਮਹਾਰਾਸ਼ਟਰ ਦੇ ਹਿੱਸੇ ਵਿੱਚ ਕੰਮ ਹੌਲੀ ਹੋ ਗਿਆ ਸੀ ਪਰ 2022 ਵਿੱਚ ਭਾਜਪਾ-ਸ਼ਿਵ ਸੈਨਾ-ਐਨਸੀਪੀ ਮਹਾਗਠਜੋੜ ਸਰਕਾਰ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਇਸ ਨੇ ਰਫ਼ਤਾਰ ਫੜੀ ਹੈ ਅਤੇ ਰਾਜ ਸਰਕਾਰ ਤੋਂ ਸਾਰੀਆਂ ਸੰਬੰਧਿਤ ਇਜਾਜ਼ਤਾਂ ਪ੍ਰਾਪਤ ਕੀਤੀਆਂ ਹਨ। ਉਹਨਾਂ ਨੇ ਕਿਹਾ, "ਹੁਣ ਕੰਮ ਬਹੁਤ ਤੇਜ਼ੀ ਨਾਲ ਚੱਲ ਰਿਹਾ ਹੈ।" ਮੰਤਰੀ ਨੇ ਕਿਹਾ ਕਿ ਸਮੁੰਦਰ ਦੇ ਹੇਠਾਂ ਭਾਰਤ ਦੀ ਪਹਿਲੀ ਰੇਲਵੇ ਸੁਰੰਗ, ਜੋ ਕਿ 21 ਕਿਲੋਮੀਟਰ ਲੰਬੀ ਹੋਵੇਗੀ, ਦਾ ਨਿਰਮਾਣ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼ੁਰੂ ਵਿੱਚ ਭਾਰਤ ਨੂੰ ਬੁਲੇਟ ਟਰੇਨ ਦੀ ਤਕਨੀਕ ਵਿਦੇਸ਼ਾਂ ਤੋਂ ਮਿਲੀ ਸੀ ਪਰ ਹੁਣ ਦੇਸ਼ ਵਿੱਚ ਵੀ ਕਈ ਤਕਨੀਕਾਂ ਵਿਕਸਤ ਹੋ ਚੁੱਕੀਆਂ ਹਨ। ਉਨ੍ਹਾਂ ਨੇ ਕਿਹਾ, "ਅਸੀਂ ਪੂਰੀ ਤਰ੍ਹਾਂ ਨਾਲ ਸਵਦੇਸ਼ੀ ਤਕਨੀਕ ਨਾਲ ਬੁਲੇਟ ਟਰੇਨ ਵਿਕਸਿਤ ਕਰਨ ਅਤੇ 'ਸਵੈ-ਨਿਰਭਰ' ਬਣਨ 'ਤੇ ਕੰਮ ਕਰ ਰਹੇ ਹਾਂ।"

# ਨਸ਼ਿਆਂ 'ਤੇ ਰੋਕ ਲਾਉਣ ਲਈ DGP ਗੌਰਵ ਯਾਦਵ ਦੀ ਸਖ਼ਤੀ



ਪੰਜਾਬ ’ਚ ਨਸ਼ਿਆਂ ’ਤੇ ਰੋਕ ਲਾਉਣ ਲਈ ਸੂਬਾ ਪੁਲਸ ਵੱਲੋਂ 12,687 ਪਿੰਡਾਂ ’ਚ ਵਿਲੇਜ ਡਿਫੈਂਸ ਕਮੇਟੀਆਂ ਦਾ ਗਠਨ ਕਰ ਦਿੱਤਾ ਗਿਆ ਹੈ, ਜੋਕਿ ਪੁਲਸ ਦੇ ਨਾਲ ਤਾਲਮੇਲ ਕਰ ਕੇ ਨਸ਼ਾ ਸਮੱਗਲਰਾਂ ਦੀਆਂ ਸਰਗਰਮੀਆਂ ’ਤੇ ਲਗਾਮ ਕੱਸਣਗੀਆਂ। ਪੰਜਾਬ ਦੇ ਡੀ. ਜੀ. ਪੀ. ਗੌਰਵ ਯਾਦਵ ਨੇ ਪੰਜਾਬੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਨਸ਼ਿਆਂ ਵਿਰੁੱਧ ਲੜਾਈ ਨੂੰ ਜਨਤਾ ਦੀ ਲੜਾਈ ਬਣਾਉਣ ਦਾ ਯਤਨ ਕੀਤਾ ਜਾ ਰਿਹਾ ਹੈ ਅਤੇ ਇਸ ’ਚ ਲਗਾਤਾਰ ਪੰਜਾਬ ਪੁਲਸ ਨੌਜਵਾਨਾਂ ਨੂੰ ਸ਼ਾਮਲ ਕਰ ਕੇ ਆਪਣੀ ਰਣਨੀਤੀ ਬਣਾ ਰਹੀ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ 17 ਜੂਨ ਨੂੰ ਹਾਈ ਲੈਵਲ ਰੀਵਿਊ ਕਮੇਟੀ ਦੀ ਬੈਠਕ ਸੱਦੀ ਸੀ, ਜਿਸ ’ਚ 3 ਸੂਤਰੀ ਰਣਨੀਤੀ ਬਣਾ ਕੇ ਪੰਜਾਬ ਪੁਲਸ ਨੂੰ ਹੁਕਮ ਦਿੱਤੇ ਗਏ ਸੀ। ਬੈਠਕ ’ਚ ਲਏ ਫੈਸਲੇ ਤੋਂ ਬਾਅਦ ਵਿਲੇਜ ਡਿਫੈਂਸ ਕਮੇਟੀਆਂ ਬਣਾਈਆਂ ਗਈਆਂ ਹਨ ਅਤੇ 93 ਫ਼ੀਸਦੀ ਪਿੰਡਾਂ ’ਚ ਇਨ੍ਹਾਂ ਨੂੰ ਬਣਾਉਣ ਦਾ ਕੰਮ ਪੂਰਾ ਕੀਤਾ ਜਾ ਚੁੱਕਾ ਹੈ। ਇਨ੍ਹਾਂ ਕਮੇਟੀਆਂ ਜ਼ਰੀਏ ਪੁਲਸ ਨੂੰ ਨਸ਼ਾ ਸਮੱਗਲਰਾਂ ਬਾਰੇ ਜੋ ਸੂਚਨਾਵਾਂ ਮਿਲਣਗੀਆਂ, ਉਨ੍ਹਾਂ ’ਤੇ ਕਾਰਵਾਈ ਕੀਤੀ ਜਾਵੇਗੀ।

# ਪੰਜਾਬ ਪੁਲਸ ਸਖ਼ਤ, ਵਾਹਨ ਚਲਾਉਣ ਵਾਲੇ ਨਾਬਾਲਗਾਂ ਦੇ ਮਾਪਿਆਂ ਖ਼ਿਲਾਫ਼ ਅੱਜ ਤੋਂ ਕੱਸਿਆ ਜਾਵੇਗਾ ਕਾਨੂੰਨੀ ਸ਼ਿਕੰਜਾ



ਪੰਜਾਬ ਅੰਦਰ ਸੜਕ ਹਾਦਸਿਆਂ ਨੂੰ ਰੋਕਣ ਲਈ ਪੰਜਾਬ ਪੁਲਸ ਵੱਲੋਂ ਸ਼ੁਰੂ ਕੀਤੀ ਜਾਗਰੂਕਤਾ ਮੁਹਿੰਮ ਤੋਂ ਬਾਅਦ ਹੁਣ 1 ਅਗਸਤ ਤੋਂ ਪੁਲਸ ਵੱਲੋਂ ਮੋਟਰ ਵ੍ਹੀਕਲ ਸੋਧ ਐਕਟ ਤਹਿਤ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਇਸ ਤਹਿਤ ਹੁਣ ਵੱਖ-ਵੱਖ ਸੜਕਾਂ ’ਤੇ ਦੋਪਹੀਆ ਅਤੇ ਚਾਰ ਪਹੀਆ ਵਾਹਨ ਚਲਾਉਣ ਵਾਲੇ ਨਾਬਾਲਗ ਬੱਚਿਆਂ ਨੂੰ ਕਾਬੂ ਕਰ ਕੇ ਪੁਲਸ ਵੱਲੋਂ ਬੱਚਿਆਂ ਦੇ ਮਾਪਿਆਂ ਖ਼ਿਲਾਫ਼ ਵੀ ਕਾਨੂੰਨੀ ਸ਼ਿਕੰਜਾ ਕੱਸਿਆ ਜਾਵੇਗਾ। ਬੱਚਿਆਂ ਵੱਲੋਂ ਵਾਹਨ ਚਲਾਏ ਜਾਣ ਦੇ ਖ਼ਤਰਨਾਕ ਰੁਝਾਨ ਨੂੰ ਰੋਕਣ ਲਈ ਸਖ਼ਤੀ ਕਰਨ ਤੋਂ ਪਹਿਲਾਂ ਪੁਲਸ ਨੇ ਜੁਲਾਈ ਮਹੀਨੇ ਵਿਸ਼ੇਸ਼ ਜਾਗਰੂਕਤਾ ਮੁਹਿੰਮ ਵੀ ਚਲਾਈ ਸੀ, ਜਿਸ ਤਹਿਤ ਸਕੂਲਾਂ, ਕਾਲਜਾਂ ਤੇ ਹੋਰ ਜਨਤਕ ਥਾਵਾਂ ’ਤੇ ਪਹੁੰਚ ਕਰ ਕੇ ਥਾਣਾ ਮੁਖੀਆਂ ਤੇ ਪੁਲਸ ਦੀਆਂ ਟੀਮਾਂ ਨੇ ਲੋਕਾਂ ਨੂੰ ਮੋਟਰ ਵ੍ਹੀਕਲ ਸੋਧ ਐਕਟ ਅਤੇ ਇਸ ਦੇ ਸੈਕਸ਼ਨ 199-ਏ ਬਾਰੇ ਵਿਸਥਾਰਪੂਰਵਕ ਜਾਗਰੂਕ ਵੀ ਕੀਤਾ ਹੈ। ਇਥੇ ਇਹ ਦੱਸਣਯੋਗ ਹੈ ਕਿ ਪਿਛਲੇ ਸਮੇਂ ਦੌਰਾਨ ਨਾਬਾਲਗ ਬੱਚਿਆਂ ਵੱਲੋਂ ਦੋਪਹੀਆ ਅਤੇ ਚਾਰ ਪਹੀਆ ਵਾਹਨ ਚਲਾਉਣ ਮੌਕੇ ਹਾਦਸਾਗ੍ਰਸਤ ਹੋਣ ਦੇ ਕਈ ਅਨੇਕਾਂ ਮਾਮਲੇ ਸਾਹਮਣੇ ਆ ਚੁੱਕੇ ਹਨ। ਅਜਿਹੇ ਹਾਦਸੇ ਬੱਚਿਆਂ ਦੀ ਖੁਦ ਦੀ ਜ਼ਿੰਦਗੀ ਨੂੰ ਬਰਬਾਦ ਕਰਨ ਦੇ ਨਾਲ-ਨਾਲ ਸੜਕਾਂ ’ਤੇ ਆਉਣ-ਜਾਣ ਵਾਲੇ ਹੋਰ ਲੋਕਾਂ ਦੀ ਜਾਨ-ਮਾਲ ਦਾ ਖੌਅ ਵੀ ਬਣਦੇ ਹਨ। ਇਥੋਂ ਤੱਕ ਕਿ ਕਈ ਛੋਟੇ ਬੱਚੇ ਚਾਰ ਪਹੀਆ ਵਾਹਨ ਚਲਾਉਣ ਮੌਕੇ ਹਾਦਸੇ ਕਰ ਚੁੱਕੇ ਹਨ।ਇਸ ਕਾਰਨ ਸਰਕਾਰ ਵੱਲੋਂ ਮੋਟਰ ਵ੍ਹੀਕਲ ਐਕਟ ’ਚ ਸੋਧ ਕੀਤੀ ਗਈ ਸੀ ਅਤੇ ਇਹ ਵਿਵਸਥਾ ਕੀਤੀ ਗਈ ਸੀ ਕਿ ਜੇਕਰ ਨਾਬਾਲਗ ਬੱਚੇ ਦੋਪਹੀਆ ਜਾਂ ਚਾਰ ਪਹੀਆ ਵਾਹਨ ਚਲਾਉਂਦੇ ਹਨ ਤਾਂ ਉਨ੍ਹਾਂ ਦੇ ਮਾਪਿਆਂ/ਵਾਹਨਾਂ ਦੇ ਮਾਲਕਾਂ ਨੂੰ ਕਾਨੂੰਨੀ ਸ਼ਿਕੰਜੇ ’ਚ ਲੈ ਕੇ 3 ਸਾਲ ਦੀ ਸਜ਼ਾ ਅਤੇ 25 ਹਜ਼ਾਰ ਰੁਪਏ ਜੁਰਮਾਨਾ ਕੀਤਾ ਜਾਵੇਗਾ। ਇਸ ਕਾਰਨ ਜੁਲਾਈ ਮਹੀਨੇ ਪੰਜਾਬ ਪੁਲਸ ਦੇ ਟ੍ਰੈਫਿਕ ਅਤੇ ਸੜਕ ਸੁਰੱਖਿਆ ਵਿੰਗ ਨੇ ਸੂਬੇ ਦੇ ਪੁਲਸ ਅਧਿਕਾਰੀਆਂ ਨੂੰ ਹਦਾਇਤ ਕੀਤੀ ਸੀ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ, ਉਨ੍ਹਾਂ ਦੇ ਮਾਪਿਆਂ ਨੂੰ ਜਾਗਰੂਕ ਕੀਤਾ ਜਾਵੇ ਕਿ ਜੇਕਰ ਬੱਚੇ ਦੋਪਹੀਆ ਅਤੇ ਚਾਰ ਪਹੀਆ ਵਾਹਨ ਚਲਾਉਂਦੇ ਹੋਏ ਕਾਬੂ ਆਏ ਤਾਂ ਉਨ੍ਹਾਂ ਦੇ ਮਾਪਿਆਂ ਨੂੰ 1 ਅਗਸਤ ਤੋਂ ਮੋਟਰ ਵ੍ਹੀਕਲ (ਸੋਧ) ਐਕਟ 2019 ਤਹਿਤ ਕਾਨੂੰਨੀ ਕਾਰਵਾਈ ਦੇ ਘੇਰੇ ’ਚ ਲਿਆਂਦਾ ਜਾਵੇਗਾ। ਇਸ ਮੰਤਵ ਲਈ ਸਾਰੇ ਪੁਲਸ ਕਮਿਸ਼ਨਰਾਂ ਅਤੇ ਪੁਲਸ ਦੇ ਸੀਨੀਅਰ ਸੁਪਰਡੈਂਟਾਂ (ਐੱਸ. ਐੱਸ. ਪੀਜ਼) ਨੂੰ ਪੱਤਰ ਲਿਖ ਕੇ ਵਧੀਕ ਪੁਲਸ ਡਾਇਰੈਕਟਰ ਜਨਰਲ (ਟ੍ਰੈਫਿਕ ਅਤੇ ਸੜਕ ਸੁਰੱਖਿਆ) ਨੇ ਜੁਲਾਈ ਦੇ ਆਖਿਰ ਤੱਕ ਜਾਗਰੂਕਤਾ ਮੁਹਿੰਮ ਚਲਾਉਣ ਲਈ ਕਿਹਾ ਸੀ। ਇਸ ਤੋਂ ਬਾਅਦ ਗੁਰਦਾਸਪੁਰ ਸਮੇਤ ਸਮੁੱਚੇ ਪੰਜਾਬ ਅੰਦਰ ਪੁਲਸ ਨੇ ਵਿਸ਼ੇਸ਼ ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ ਸੀ ਅਤੇ ਹੁਣ ਪੁਲਸ ਵੱਲੋਂ 1 ਅਗਸਤ ਤੋਂ ਲਾਇਸੈਂਸ ਤੋਂ ਬਗੈਰ ਵਾਹਨ ਚਲਾਉਣ ਵਾਲੇ ਬੱਚਿਆਂ ’ਤੇ ਵਿਸ਼ੇਸ਼ ਨਜ਼ਰ ਰੱਖੀ ਜਾਵੇਗੀ।

# ਪਾਤਾਲ ਭੁਵਨੇਸ਼ਵਰ ਗੁਫ਼ਾ 'ਚ ਆਕਸੀਜਨ ਲੈਵਲ ਘੱਟ



ਸਮੁੰਦਰੀ ਲੈਵਲ ਤੋਂ ਕਰੀਬ 100 ਫੁੱਟ ਹੇਠਾਂ ਸਥਿਤ ਉੱਤਰਾਖੰਡ ਦੇ ਤੀਰਥ ਸਥਾਨ ਪਾਤਾਲ ਭੁਵਨੇਸ਼ਵਰ ਗੁਫ਼ਾ ਨੂੰ ਸ਼ਰਧਾਲੂਆਂ ਲਈ ਬੰਦ ਕਰ ਦਿੱਤਾ ਗਿਆ ਹੈ। ਗੁਫ਼ਾ 'ਚ ਆਕਸੀਜਨ ਦਾ ਪੱਧਰ 1.2 ਫ਼ੀਸਦੀ ਤੱਕ ਘੱਟ ਹੋਇਆ ਹੈ। ਅਜਿਹੇ 'ਚ ਸ਼ਰਧਾਲੂਆਂ ਦੀ ਸੁਰੱਖਿਆ ਨੂੰ ਦੇਖਦੇ ਹੋਏ ਪੁਰਾਤੱਤਵ ਵਿਭਾਗ ਨੇ ਇੱਥੇ ਪ੍ਰਵੇਸ਼ ਬੰਦ ਕਰ ਦਿੱਤਾ ਹੈ। ਉੱਤਰਾਖੰਡ ਦੇ ਪਿਥੌਰਾਗੜ੍ਹ ਜ਼ਿਲ੍ਹੇ ਦੇ ਗੰਗੋਲੀਹਾਟ ਕਸਬੇ 'ਚ ਪਾਤਾਲ ਭੁਵਨੇਸ਼ਵਰ ਗੁਫ਼ਾ ਹੈ। ਇਸ ਗੁਫ਼ਾ ਤੱਕ ਪਹੁੰਚਣ ਲਈ ਪਹਾੜੀ ਦੀ ਡੂੰਘਾਈ 'ਚ ਕਰੀਬ 100 ਫੁੱਟ ਹੇਠਾਂ ਉਤਰਨਾ ਪੈਂਦਾ ਹੈ। ਜ਼ਮੀਨ ਦੇ ਹੇਠਾਂ ਇਹ ਕਰੀਬ 110 ਮੀਟਰ ਤੱਕ ਫੈਲੀ ਹੋਈ ਹੈ। ਇਸ ਸਾਲ ਅਚਾਨਕ ਗੁਫ਼ਾ ਦੇ ਅੰਦਰ ਆਕਸੀਜਨ ਦਾ ਪੱਧਰ ਘੱਟ ਹੋਣ ਲੱਗਾ ਹੈ। ਇਸ ਵਜ੍ਹਾ ਤੋਂ ਪੁਰਾਤੱਤਵ ਵਿਭਾਗ ਨੇ ਇਕ ਅਗਸਤ ਤੋਂ 15 ਅਕਤੂਬਰ ਤੱਕ ਗੁਫ਼ਾ 'ਚ ਸ਼ਰਧਾਲੂਆਂ ਦਾ ਪ੍ਰਵੇਸ਼ ਰੋਕਣ ਦਾ ਫ਼ੈਸਲਾ ਲੱਗਾ ਹੈ। ਪੁਰਾਤੱਤਵ ਵਿਭਾਗ ਦੇ ਦੇਹਰਾਦੂਨ ਮੰਡਲ ਦੇ ਮੁੱਖ ਪੁਰਾਤੱਤਵ ਵਿਗਿਆਨੀ ਮੋਹਨ ਕੁਮਾਰ ਸਕਸੈਨਾ ਨੇ ਦੱਸਿਆ ਕਿ ਗੁਫ਼ਾਫ਼ਾਂ 'ਚ ਤਾਜ਼ੀ ਹਵਾ ਦੀ ਪਹੁੰਚ ਸੀਮਿਤ ਹੁੰਦੀ ਹੈ। ਇੱਥੇ ਆਮ ਆਕਸੀਜਨ ਪੱਧਰ 19 ਤੋਂ 21 ਫ਼ੀਸਦੀ ਤੱਕ ਰਹਿੰਦਾ ਹੈ। ਪਿਛਲੇ ਦਿਨੀਂ ਜਾਂਚ 'ਚ ਪਤਾ ਲੱਗਾ ਕਿ ਆਕਸੀਜਨ ਪੱਧਰ 'ਚ 1.2 ਫ਼ੀਸਦੀ ਤੱਕ ਦੀ ਕਮੀ ਆ ਗਈ ਹੈ। ਮੀਂਹ ਤੋਂ ਬਾਅਦ ਹੀ ਗੁਫ਼ਾ ਨੂੰ ਮੁੜ ਸ਼ਰਧਾਲੂਆਂ ਲਈ ਖੋਲ੍ਹਿਆ ਜਾਵੇਗਾ।

# ਚੰਡੀਗੜ੍ਹ 'ਚ ਪਵੇਗਾ ਭਾਰੀ ਮੀਂਹ, ਮੌਸਮ ਵਿਭਾਗ ਵਲੋਂ ਅਲਰਟ ਜਾਰੀ



4 ਸਾਲਾਂ 'ਚ ਜੁਲਾਈ ਦੇ ਮਹੀਨੇ ’ਚ ਦੂਜੀ ਵਾਰ ਘੱਟ ਮੀਂਹ ਦਰਜ ਹੋਇਆ ਹੈ। 31 ਜੁਲਾਈ ਤੱਕ ਸ਼ਹਿਰ ’ਚ 245 ਐੱਮ. ਐੱਮ. ਮੀਂਹ ਦਰਜ ਹੋਇਆ। ਇਸ ਤੋਂ ਪਹਿਲਾਂ 2023 'ਚ ਸਭ ਤੋਂ ਜ਼ਿਆਦਾ 693 ਐੱਮ. ਐੱਮ. ਮੀਂਹ ਦਰਜ ਹੋਇਆ ਸੀ। ਸਾਲ 2022 'ਚ 473 ਐੱਮ. ਐੱਮ., 2021 'ਚ 128 ਐੱਮ. ਐੱਮ., 2020 ਵਿਚ 302.6 ਐੱਮ. ਐੱਮ. ਮੀਂਹ ਪਿਆ ਸੀ। ਚੰਡੀਗੜ੍ਹ ਮੌਸਮ ਵਿਗਿਆਨ ਕੇਂਦਰ ਦੇ ਡਾਇਰੈਕਟਰ ਏ. ਕੇ. ਸਿੰਘ ਅਨੁਸਾਰ ਜੁਲਾਈ ਮਹੀਨੇ 'ਚ ਇਸ ਮਾਨਸੂਨ ਦੀ ਬਰਸਾਤ ਘੱਟ ਹੋਈ ਹੈ ਪਰ ਅਗਸਤ 'ਚ ਮੀਂਹ ਪੈਣ ਦੀ ਸੰਭਾਵਨਾ ਵੱਧਣ ਵਾਲੀ ਹੈ। ਵਿਭਾਗ ਨੇ ਵੀਰਵਾਰ ਨੂੰ ਆਰੇਂਜ ਅਲਰਟ ਅਤੇ ਸ਼ੁੱਕਰਵਾਰ ਨੂੰ ਯੈਲੋ ਅਲਰਟ ਦਿੱਤਾ ਹੈ।ਹੁਣ ਤੱਕ ਸਪੈੱਲ 'ਚ ਮੀਂਹ ਦੇਖ ਰਹੇ ਹਾਂ ਪਰ ਹੁਣ ਥੋੜ੍ਹਾ ਬਦਲਾਅ ਹੋਵੇਗਾ। ਖ਼ਾਸ ਕਰਕੇ ਵਿਭਾਗ ਨੇ ਵੀਰਵਾਰ ਨੂੰ ਭਾਰੀ ਮੀਂਹ ਦਾ ਅਲਰਟ ਦਿੱਤਾ ਹੈ। ਤਾਪਮਾਨ ਸਥਿਰ ਰਹੇਗਾ। ਆਉਣ ਵਾਲੇ ਦਿਨਾਂ ਵਿਚ ਹੁੰਮਸ ਇਸ ਤਰ੍ਹਾਂ ਹੀ ਪਰੇਸ਼ਾਨ ਕਰਦੀ ਰਹੇਗੀ। ਬੁੱਧਵਾਰ ਨੂੰ ਵੱਧ ਤੋਂ ਵੱਧ ਤਾਪਮਾਨ 4 ਡਿਗਰੀ ਵੱਧ ਕੇ 37.4 ਡਿਗਰੀ ਦਰਜ ਕੀਤਾ ਗਿਆ ਅਤੇ ਘੱਟੋ-ਘੱਟ ਤਾਪਮਾਨ 28.6 ਡਿਗਰੀ ਰਿਹਾ, ਜੋ ਆਮ ਨਾਲੋਂ 2 ਡਿਗਰੀ ਵੱਧ ਸੀ। ਨਮੀ ਦੀ ਮਾਤਰਾ 92 ਫ਼ੀਸਦੀ ਰਹੀ।ਬੁੱਧਵਾਰ ਸਵੇਰ ਤੋਂ ਹੀ ਬੱਦਲ ਆਉਂਦੇ-ਜਾਂਦੇ ਰਹੇ। ਦੁਪਹਿਰ 3.05 ਵਜੇ ਮੀਂਹ ਪਿਆ, ਜੋ ਸ਼ਾਮ 4.20 ਵਜੇ ਤੱਕ ਜਾਰੀ ਰਿਹਾ। ਇੱਕ ਘੰਟੇ 25 ਮਿੰਟ ਵਿਚ 11.5 ਮਿ. ਮੀ. ਮੀਂਹ ਦਰਜ ਕੀਤਾ ਗਿਆ। 24 ਘੰਟਿਆਂ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ 30.4 ਮਿ.ਮੀ. ਮੀਂਹ ਦਰਜ ਕੀਤਾ ਗਿਆ ਹੈ। ਹਾਲੇ ਤੱਕ ਸ਼ਹਿਰ ਵਿਚ ਪਹਿਲੀ ਜੂਨ ਤੋਂ ਹੁਣ ਤੱਕ 245.9 ਮਿਲੀਮੀਟਰ ਮੀਂਹ ਦਰਜ ਕੀਤਾ ਗਿਆ ਹੈ, ਜੋ ਕਿ ਆਮ ਨਾਲੋਂ 45.3 ਫੀਸਦੀ ਘੱਟ ਹੈ।ਵਿਭਾਗ ਨੇ ਵੀਰਵਾਰ ਲਈ ਆਰੇਂਜ ਅਲਰਟ ਦਿੱਤਾ ਹੈ। ਭਾਰੀ ਮੀਂਹ ਦੀ ਸੰਭਾਵਨਾ ਹੈ। ਵੱਧ ਤੋਂ ਵੱਧ ਤਾਪਮਾਨ 34 ਜਦੋਂ ਕਿ ਘੱਟ ਤੋਂ ਘੱਟ ਤਾਪਮਾਨ 28 ਡਿਗਰੀ ਰਹਿ ਸਕਦਾ ਹੈ। ਸ਼ੁੱਕਰਵਾਰ ਲਈ ਯੈਲੋ ਅਲਰਟ ਦਿੱਤਾ ਹੈ। ਗਰਜ ਨਾਲ ਮੀਂਹ ਦੀ ਸੰਭਾਵਨਾ ਹੈ। ਵੱਧ ਤੋਂ ਵੱਧ ਤਾਪਮਾਨ 35 ਜਦਕਿ ਘੱਟ ਤੋਂ ਘੱਟ ਤਾਪਮਾਨ 28 ਡਿਗਰੀ ਤੱਕ ਰਹਿ ਸਕਦਾ ਹੈ।

# ਆਨਲਾਈਨ ਟ੍ਰੇਡਿੰਗ ਦੇ ਚੱਕਰ ’ਚ 2 ਲੋਕਾਂ ਨਾਲ 35 ਲੱਖ ਰੁਪਏ ਦੀ ਠੱਗੀ




ਆਨਲਾਈਨ ਟ੍ਰੇਡਿੰਗ ਕਰਨ ਦੇ ਚੱਕਰ ’ਚ 2 ਲੋਕਾਂ ਕੋਲੋਂ 35 ਲੱਖ ਰੁਪਏ ਠੱਗਣ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਸ ਦੇ ਸਾਈਬਰ ਕ੍ਰਾਈਮ ਸੈੱਲ ਵੱਲੋਂ ਇਸ ਸਬੰਧੀ ਅਣਪਛਾਤੇ ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕਰ ਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ। ਜਾਣਕਾਰੀ ਅਨੁਸਾਰ ਸਾਈਬਰ ਕ੍ਰਾਈਮ ਸੈੱਲ ਨੂੰ ਦਿੱਤੀ ਸ਼ਿਕਾਇਤ ’ਚ ਯਾਦਵਿੰਦਰ ਸਿੰਘ ਵਾਸੀ ਬਠਿੰਡਾ ਨੇ ਦੱਸਿਆ ਕਿ ਉਸ ਨੂੰ ਆਨਲਾਈਨ ਸੂਪਰ 888 ਗਰੁੱਪ ਵੱਲੋਂ ਆਨਲਾਈਨ ਵਪਾਰ ਕਰ ਕੇ ਵੱਧ ਮੁਨਾਫ਼ਾ ਕਮਾਉਣ ਦਾ ਲਾਲਚ ਦਿੱਤਾ ਗਿਆ ਸੀ। ਇਸ ਤੋਂ ਬਾਅਦ ਉਸ ਨੇ ਇਕ ਵੈੱਬਸਾਈਟ ’ਤੇ ਜਾ ਕੇ ਕੁਝ ਟਾਸਕ ਪੂਰੇ ਕੀਤੇ ਅਤੇ 9.37 ਲੱਖ ਰੁਪਏ ਦਾ ਨਿਵੇਸ਼ ਕੀਤਾ। ਇਸ ਤੋਂ ਬਾਅਦ ਉਸ ਨੂੰ ਮੁਕੇਸ਼ ਜਾਡਲ ਨਾਂ ਦੇ ਵਿਅਕਤੀ ਦਾ ਦੁਬਾਰਾ ਫੋਨ ਆਇਆ, ਜਿਸ ਨੇ ਉਸ ਨੂੰ ਕਿਸੇ ਹੋਰ ਫਰਮ ਵਿਚ ਨਿਵੇਸ਼ ਕਰਨ ਦਾ ਲਾਲਚ ਦਿੱਤਾ ਅਤੇ ਉਸ ਨੇ ਕੁੱਝ ਹੀ ਦਿਨਾਂ ਵਿਚ ਉਕਤ ਕੰਪਨੀ ਵਿਚ 13,27,830 ਰੁਪਏ ਵੀ ਨਿਵੇਸ਼ ਕਰ ਲਏ। ਬਾਅਦ ਵਿਚ ਉਕਤ ਮੁਲਜ਼ਮਾਂ ਨੇ ਉਸ ਦੇ ਪੈਸੇ ਵਾਪਸ ਨਹੀਂ ਕੀਤੇ ਅਤੇ ਉਸ ਨਾਲ ਠੱਗੀ ਮਾਰੀ। ਇਸੇ ਤਰ੍ਹਾਂ ਇਕ ਹੋਰ ਮਾਮਲੇ ਵਿਚ ਨਿਸ਼ਾ ਰਾਣੀ ਵਾਸੀ ਬਠਿੰਡਾ ਨੇ ਸਾਈਬਰ ਕ੍ਰਾਈਮ ਸੈੱਲ ਵਿਚ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਸ ਨੇ ਇਕ ਇੰਸਟਾਗ੍ਰਾਮ ਆਈ. ਡੀ. ’ਤੇ ਕਿਸੇ ਦੀ ਪੋਸਟ ਦੇਖੀ, ਜਿਸ ਵਿਚ ਲਿਖਿਆ ਸੀ ਕਿ ਤੁਸੀਂ ਘਰ ਬੈਠੇ ਹੀ 5 ਤੋਂ 10 ਹਜ਼ਾਰ ਰੁਪਏ ਕਮਾ ਸਕਦੇ ਹੋ। ਉਹ ਉਕਤ ਕੰਪਨੀ ਦੇ ਟੈਲੀਗ੍ਰਾਫ ਗਰੁੱਪ ਨਾਲ ਜੁੜ ਗਈ। ਇਸ ਦੌਰਾਨ ਕਿਸੇ ਅਣਪਛਾਤੇ ਵਿਅਕਤੀ ਨੇ ਉਸ ਨੂੰ ਕੁੱਝ ਕੰਮ ਕਰਵਾਉਣ ਲਈ ਮਜਬੂਰ ਕਰ ਦਿੱਤਾ ਅਤੇ ਉਨ੍ਹਾਂ ਨੂੰ ਸਾਂਝਾ ਕਰ ਕੇ ਉਸ ਤੋਂ 12.43 ਲੱਖ ਰੁਪਏ ਦਾ ਨਿਵੇਸ਼ ਕਰਵਾ ਲਿਆ। ਬਾਅਦ ਵਿਚ ਮੁਲਜ਼ਮ ਨੇ ਉਸ ਦੇ ਪੈਸੇ ਵਾਪਸ ਨਹੀਂ ਕੀਤੇ। ਸਾਈਬਰ ਕ੍ਰਾਈਮ ਸੈੱਲ ਨੇ ਅਣਪਛਾਤੇ ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਪੰਜਾਬ 'ਚ ਪੈ ਰਹੀ ਭਿਆਨਕ ਗਰਮੀ ਕਾਰਣ ਵਿਗੜਣ ਲੱਗੀ ਵਿਦਿਆਰਥੀਆਂ ਦੀ ਸਿਹਤ



ਵੱਧਦੀ ਗਰਮੀ ਨਾਲ ਬਰਸਾਤੀ ਮੌਸਮ ’ਚ ਵੱਧ ਰਹੀ ਹੁੰਮਸ ਨੇ ਲੱਖਾਂ ਵਿਦਿਆਰਥੀਆਂ ਦੀ ਪੜ੍ਹਾਈ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਕੇ ਰੱਖ ਦਿੱਤਾ ਹੈ। ਪੇਂਡੂ ਖੇਤਰਾਂ ਦੇ ਸਰਕਾਰੀ ਸਕੂਲਾਂ ਦੀ ਸਥਿਤੀ ਤਾਂ ਹੋਰ ਵੀ ਤਰਸਯੋਗ ਹੈ, ਜਿੱਥੇ ਬਿਜਲੀ ਦੀ ਸਮੱਸਿਆ ਵੀ ਗੰਭੀਰ ਹੈ। ਹੁੰਮਸ ਕਾਰਨ ਵਿਦਿਆਰਥੀਆਂ ਦਾ ਧਿਆਨ ਪੜ੍ਹਾਈ ਤੋਂ ਹਟ ਕੇ ਗਰਮੀ ਤੋਂ ਬਚਣ ’ਤੇ ਕੇਂਦਰਿਤ ਹੋ ਗਿਆ ਹੈ। ਕਲਾਸਾਂ ’ਚ ਬੱਚੇ ਕਾਪੀਆਂ ਅਤੇ ਕਿਤਾਬਾਂ ਨੂੰ ਹੱਥ ’ਚ ਫੜ ਕੇ ਹਵਾ ਲੈ ਕੇ ਪਸੀਨਾ ਸੁਕਾਉਂਦੇ ਆਮ ਦੇਖੇ ਜਾ ਸਕਦੇ ਹਨ। ਇਸ ਹਾਲਾਤ ਵਿਚ ਬੱਚੇ ਕੀ ਪੜ੍ਹਾਈ ਕਰਦੇ ਹੋਣਗੇ ਇਸ ਗੱਲ ਦਾ ਅੰਦਾਜ਼ਾ ਤਾਂ ਅਸਾਨੀ ਨਾਲ ਲਗਾਇਆ ਜਾ ਸਕਦਾ ਹੈ। ਬਿਜਲੀ ਜਾਣ ’ਤੇ ਪੱਖੇ ਬੰਦ ਹੋਣ ਨਾਲ ਕਲਾਸਾਂ ਤਪਦੀਆਂ ਭੱਠੀਆਂ ’ਚ ਤਬਦੀਲ ਹੋ ਜਾਂਦੀਆਂ ਹਨ। ਵਿਦਿਆਰਥੀਆਂ ਦਾ ਕਹਿਣਾ ਹੈ ਕਿ ਪੜ੍ਹਾਈ ਕਰਨ ਦੀ ਬਜਾਏ ਪਸੀਨਾ ਪੂੰਝਣ ’ਚ ਹੀ ਜ਼ਿਆਦਾ ਸਮਾਂ ਲੱਗ ਰਿਹਾ ਹੈ। ਅਧਿਆਪਕ ਵੀ ਕਾਫੀ ਪ੍ਰੇਸ਼ਾਨ ਹਨ। ਅਧਿਆਪਕ ਦੱਸਦੇ ਹਨ ਕਿ ਬਿਜਲੀ ਕੱਟਾਂ ਅਤੇ ਹੁੰਮਸ ਕਾਰਨ ਉਹ ਵਿਦਿਆਰਥੀ ਨੂੰ ਸਹੀ ਤਰ੍ਹਾਂ ਪੜ੍ਹਾ ਨਹੀਂ ਪਾ ਰਹੇ। ਸਰਕਾਰ ਜਾ ਪ੍ਰਸ਼ਾਸਨ ਨੂੰ ਸਕੂਲਾਂ ਦੀ ਟਾਈਮਿੰਗ ’ਚ ਬਦਲਾਅ ਕਰਕੇ ਖਾਸ ਕਰ ਕੇ ਪੰਜਵੀਂ ਤੱਕ ਦੇ ਬੱਚਿਆਂ ਲਈ ਛੁੱਟੀ ਦਾ ਟਾਈਮ 12 ਵਜੇ ਤੱਕ ਕਰਨਾ ਚਾਹੀਦਾ ਹੈ।ਬਿਜਲੀ ਦੀ ਕਟੌਤੀ ਕਾਰਨ ਪਾਣੀ ਦੀ ਪੰਪਿੰਗ ਵੀ ਪ੍ਰਭਾਵਿਤ ਹੋ ਰਹੀ ਹੈ। ਬਿਜਲੀ ਕਟੌਤੀ ਕਾਰਨ ਸਕੂਲਾਂ ’ਚ ਪਾਣੀ ਦੀਆਂ ਟੈਂਕੀਆਂ ਖਾਲੀ ਹੋ ਜਾਂਦੀਆਂ ਹਨ, ਜਿਸ ਨਾਲ ਵਿਦਿਆਰਥੀਆਂ ਨੂੰ ਪੀਣ ਵਾਲੇ ਪਾਣੀ ਲਈ ਭਟਕਣਾ ਪੈ ਰਿਹਾ ਹੈ। ਗਰਮੀ ਕਾਰਨ ਪਾਣੀ ਦੀ ਕਮੀ ਨਾਲ ਵਿਦਿਆਰਥੀਆਂ ਦੀ ਸਿਹਤ ’ਤੇ ਵੀ ਬੁਰਾ ਅਸਰ ਹੋ ਰਿਹਾ ਹੈ।

ਸਰਕਾਰੀ ਸਕੂਲਾਂ ’ਚ ਜਨਰੇਟਰ ਅਤੇ ਇਨਵਰਟਰ ਨਾ ਹੋਣ ਦੀ ਵੱਡੀ ਸਮੱਸਿਆ ਬਣ ਗਈ ਹੈ। ਬਿਜਲੀ ਕਟੌਤੀ ਦੇ ਸਮੇਂ ਸਕੂਲਾਂ ’ਚ ਕੋਈ ਵਿਕਲਪਿਕ ਊਰਜਾ ਸਰੋਤ ਨਾ ਹੋਣ ਕਾਰਨ ਪੱਖੇ, ਲਾਈਟ ਅਤੇ ਹੋਰ ਇਲੈਕਟ੍ਰਾਨਿਕ ਉਪਕਰਨ ਬੰਦ ਹੋ ਜਾਂਦੇ ਹਨ। ਇਸ ਨਾਲ ਨਾ ਸਿਰਫ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਗਰਮੀ ਅਤੇ ਹੁੰਮਸ ਦਾ ਸਾਹਮਣਾ ਕਰਨਾ ਪੈਂਦਾ ਹੈ, ਸਗੋਂ ਪੜ੍ਹਾਈ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੀ ਹੈ। ਇਸ ਕਮੀ ਕਾਰਨ ਵਿਦਿਆਰਥੀਆਂ ਨੂੰ ਕਲਾਸਾਂ ’ਚ ਧਿਆਨ ਕੇਂਦਰਿਤ ਕਰਨ ’ਚ ਕਠਿਨਾਈ ਹੁੰਦੀ ਹੈ ਅਤੇ ਉਨ੍ਹਾਂ ਦੀ ਸਿੱਖਿਆ ’ਤੇ ਬੁਰਾ ਅਸਰ ਪੈਂਦਾ ਹੈ ।ਇਸ ਸਬੰਧੀ ਇਕ ਬੱਚੇ ਦੇ ਪਿਤਾ ਸੁਖਵਿੰਦਰ ਸਿੰਘ ਨੇ ਕਿਹਾ ਕਿ ਸਾਡੇ ਬੱਚਿਆਂ ਦੀ ਪੜ੍ਹਾਈ ਦੀ ਸਥਿਤੀ ਬੇਹੱਦ ਖਰਾਬ ਹੋ ਗਈ ਹੈ। ਗਰਮੀ ਕਾਰਨ ਵੀ ਬੱਚੇ ਸਕੂਲ ਵਿਚ ਅਸਹਿਜ ਮਹਿਸੂਸ ਕਰ ਰਹੇ ਹਨ। ਸਾਨੂੰ ਸਰਕਾਰ ਤੋਂ ਉਮੀਦ ਹੈ ਕਿ ਉਹ ਇਸ ਸਥਿਤੀ ’ਤੇ ਧਿਆਨ ਦੇਣਗੇ ਅਤੇ ਜਲਦੀ ਹੱਲ ਕੱਢਿਆ ਜਾਵੇਗਾ। ਇਕ ਹੋਰ ਬੱਚੇ ਦੇ ਪਿਤਾ ਰਾਕੇਸ਼ ਨੇ ਕਿਹਾ ਕਿ ਸਾਡੇ ਬੱਚਿਆਂ ਦੀ ਪੜ੍ਹਾਈ ਹੀ ਬਹੁਤ ਪ੍ਰਭਾਵਿਤ ਹੋ ਚੁੱਕੀ ਹੈ ਅਤੇ ਹੁਣ ਇਹ ਬਿਜਲੀ ਕਟੌਤੀ ਸਾਡੇ ਬੱਚਿਆਂ ਦੇ ਭਵਿੱਖ ਲਈ ਅਤੇ ਵੀ ਹਾਨੀਕਾਰਕ ਸਾਬਿਤ ਹੋ ਰਹੀ ਹੈ।

# ਅਮਿਤਾਭ ਨੇ ਐਸ਼ਵਰਿਆ ਨੂੰ ਕਦੇ ਸਮਝਿਆ ਹੀ ਨਹੀਂ ਆਪਣੀ ਨੂੰਹ



ਬੱਚਨ ਪਰਿਵਾਰ ਇਨ੍ਹੀਂ ਦਿਨੀਂ ਸੁਰਖੀਆਂ ‘ਚ ਹੈ। ਪਿਛਲੇ ਕਈ ਦਿਨਾਂ ਤੋਂ ਅਜਿਹੀਆਂ ਖ਼ਬਰਾਂ ਆ ਰਹੀਆਂ ਹਨ ਕਿ ਅਮਿਤਾਭ ਬੱਚਨ-ਜਯਾ ਬੱਚਨ ਦੀ ਨੂੰਹ ਅਤੇ ਬੇਟਾ ਆਪਣੀ ਵਿਆਹੁਤਾ ਜ਼ਿੰਦਗੀ ‘ਚ ਖੁਸ਼ ਨਹੀਂ ਹਨ। ਅਮਿਤਾਭ ਬੱਚਨ-ਐਸ਼ਵਰਿਆ ਰਾਏ ਦੀ ਵਿਆਹੁਤਾ ਜ਼ਿੰਦਗੀ ‘ਚ ਤਣਾਅ ਹੈ। ਇਸ ਸਭ ਦੇ ਵਿਚਕਾਰ ਜਯਾ ਬੱਚਨ ਦਾ ਇੱਕ ਬਿਆਨ ਸੁਰਖੀਆਂ 'ਚ ਹੈ, ਜਿਸ 'ਚ ਉਨ੍ਹਾਂ ਨੇ ਦੱਸਿਆ ਕਿ ਐਸ਼ਵਰਿਆ ਰਾਏ ਨੂੰ ਆਪਣੇ ਆਲੇ-ਦੁਆਲੇ ਦੇਖ ਕੇ ਬਿੱਗ ਬੀ ਕਿਵੇਂ ਮਹਿਸੂਸ ਕਰਦੇ ਹਨ। ਅਭਿਸ਼ੇਕ ਬੱਚਨ ਅਤੇ ਐਸ਼ਵਰਿਆ ਰਾਏ ਨੂੰ ਇਕੱਠੇ ਦੇਖ ਕੇ ਹਰ ਕਿਸੇ ਦੇ ਚਿਹਰੇ ‘ਤੇ ਰੌਣਕ ਆ ਜਾਂਦੀ ਹੈ। ਜਦੋਂ ਵੀ ਇਹ ਦੋਵੇਂ ਆਪਣੀ ਬੇਟੀ ਆਰਾਧਿਆ ‘ਤੇ ਆਪਣੇ ਪਿਆਰ ਦਾ ਦਿਖਾਉਂਦੇ ਹਨ ਤਾਂ ਉਨ੍ਹਾਂ ਨੂੰ ਵੇਖ ਕੇ ਲੋਕ ਹੋਰ ਵੀ ਖੁਸ਼ ਹੁੰਦੇ ਹਨ।ਦੱਸ ਦੇਈਏ ਕਿ ਇਸ ਪਿਆਰੇ ਜੋੜੇ ਦਾ ਵਿਆਹ 20 ਅਪ੍ਰੈਲ 2007 ਨੂੰ ਹੋਇਆ ਸੀ। ਜੋੜੇ ਦੀ ਇੱਕ 14 ਸਾਲ ਦੀ ਬੇਟੀ ਆਰਾਧਿਆ ਹੈ। ਹਾਲਾਂਕਿ, ਪਿਛਲੇ ਦਿਨਾਂ ਤੋਂ ਇਸ ਜੋੜੀ ਨੂੰ ਲੈ ਕੇ ਕਈ ਨੈਗੇਟਿਵ ਖ਼ਬਰਾਂ ਆ ਰਹੀਆਂ ਹਨ। ਕਿਆਸ ਲਗਾਏ ਜਾ ਰਹੇ ਹਨ ਕਿ ਜੋੜੇ ਦਾ 17 ਸਾਲ ਦਾ ਵਿਆਹ ਖ਼ਤਰੇ 'ਚ ਹੈ। ਅਜਿਹੇ ‘ਚ ਪ੍ਰਸ਼ੰਸਕ ਇਸ ਜੋੜੀ ਨੂੰ ਲੈ ਕੇ ਕਾਫੀ ਚਿੰਤਤ ਹਨ। ਇਸ ਸਭ ਦੇ ਵਿਚਕਾਰ ਜਯਾ ਬੱਚਨ ਦਾ ਇੱਕ ਬਿਆਨ ਕਾਫ਼ੀ ਸੁਰਖੀਆਂ ਬਟੋਰ ਰਿਹਾ ਹੈ, ਜਿਸ 'ਚ ਉਹ ਅਮਿਤਾਭ ਬੱਚਨ ਅਤੇ ਐਸ਼ਵਰਿਆ ਦੀ ਬਾਂਡਿੰਗ ਦੀ ਗੱਲ ਕਰ ਰਹੀ ਹੈ।ਜਯਾ ਬੱਚਨ ਦਾ ਇਹ ਬਿਆਨ ਵੀ 17 ਸਾਲ ਪੁਰਾਣਾ ਹੈ। ਜਦੋਂ ਐਸ਼ ਦਾ ਨਵਾਂ ਵਿਆਹ ਹੋਇਆ ਸੀ ਅਤੇ ਉਹ ਬੱਚਨ ਪਰਿਵਾਰ 'ਚ ਨੂੰਹ ਦੇ ਰੂਪ 'ਚ ਸ਼ਾਮਲ ਹੋਈ ਸੀ। ਇਸੇ ਦੌਰਾਨ ਜਯਾ ਬੱਚਨ ਨੇ ਕਰਨ ਜੌਹਰ ਦੇ ਟਾਕ ਸ਼ੋਅ ‘ਕੌਫੀ ਵਿਦ ਕਰਨ’ ‘ਚ ਮਹਿਮਾਨ ਵਜੋਂ ਸ਼ਿਰਕਤ ਕੀਤੀ ਸੀ। ਉਨ੍ਹਾਂ ਨੇ ਨੂੰਹ ਅਤੇ ਬੇਟੇ ਦੇ ਰਿਸ਼ਤੇ ਦੇ ਨਾਲ-ਨਾਲ ਨੂੰਹ ਦਾ ਪਰਿਵਾਰ ਨਾਲ ਕਿਸ ਤਰ੍ਹਾਂ ਦਾ ਰਿਸ਼ਤਾ ਹੈ, ਬਾਰੇ ਖੁੱਲ੍ਹ ਕੇ ਗੱਲ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਨੇ ਅਮਿਤਾਭ ਅਤੇ ਐਸ਼ ਦੇ ਰਿਸ਼ਤੇ ਨੂੰ ਲੈ ਕੇ ਕਈ ਰਾਜ਼ ਵੀ ਖੋਲ੍ਹੇ।‘ਕੌਫੀ ਵਿਦ ਕਰਨ’ ‘ਚ ਜਯਾ ਨੇ ਆਪਣੀ ਜ਼ਿੰਦਗੀ ਦਾ ਇਕ ਖੂਬਸੂਰਤ ਪਲ ਸ਼ੇਅਰ ਕੀਤਾ ਸੀ। ਜਯਾ ਬੱਚਨ ਨੇ ਦੱਸਿਆ ਕਿ ਜਦੋਂ ਉਨ੍ਹਾਂ ਦੀ ਬੇਟੀ ਸ਼ਵੇਤਾ ਬੱਚਨ ਦਾ ਵਿਆਹ ਹੋਇਆ ਤਾਂ ਅਮਿਤਾਭ ਬੱਚਨ ਦੀ ਜ਼ਿੰਦਗੀ ‘ਚ ਇਕ ਖਾਲੀਪਨ ਆ ਗਿਆ ਅਤੇ ਉਹ ਖਾਲੀਪਨ ਉਦੋਂ ਭਰ ਗਿਆ ਜਦੋਂ ਐਸ਼ਵਰਿਆ ਰਾਏ ਉਨ੍ਹਾਂ ਦੀ ਨੂੰਹ ਬਣ ਕੇ ਉਨ੍ਹਾਂ ਦੇ ਘਰ ਆਈ। ਅਮਿਤਾਭ ਉਨ੍ਹਾਂ ਨੂੰ ਵੇਖ ਕੇ ਕਾਫ਼ੀ ਖੁਸ਼ ਸਨ। ਉਨ੍ਹਾਂ ਨੇ ਕਦੇ ਵੀ ਐਸ਼ ਨੂੰ ਆਪਣੀ ਨੂੰਹ ਵਜੋਂ ਨਹੀਂ ਦੇਖਿਆ। ਉਹ ਹਮੇਸ਼ਾ ਐਸ਼ ਨੂੰ ਧੀ ਦੀ ਤਰ੍ਹਾਂ ਦੇਖਦੇ ਸਨ।ਇਸ ਦੇ ਨਾਲ ਹੀ ਆਪਣੇ ਪਤੀ ਅਮਿਤਾਭ ਬੱਚਨ ਬਾਰੇ ਗੱਲ ਕਰਦੇ ਹੋਏ ਜਯਾ ਨੇ ਕਿਹਾ ਕਿ ਜਦੋਂ ਵੀ ਉਹ ਆਪਣੀ ਨੂੰਹ ਐਸ਼ਵਰਿਆ ਨੂੰ ਘਰ ‘ਚ ਦੇਖਦੀ ਸਨ ਤਾਂ ਉਨ੍ਹਾਂ ਦੀਆਂ ਅੱਖਾਂ ‘ਚ ਚਮਕ ਆ ਜਾਂਦੀ ਸੀ। ਇੰਝ ਲੱਗਦਾ ਹੈ ਜਿਵੇਂ ਉਹ ਸ਼ਵੇਤਾ ਨੂੰ ਘਰ ਆਉਂਦੀ ਦੇਖ ਰਹੀ ਹੋਣ। ਐਸ਼ਵਰਿਆ ਨੇ ਸ਼ਵੇਤਾ ਦੇ ਜਾਣ ਨਾਲ ਖਾਲੀ ਥਾਂ ਨੂੰ ਭਰ ਦਿੱਤਾ ਸੀ। ਅਸੀਂ ਕਦੇ ਵੀ ਇਸ ਗੱਲ ਨੂੰ ਅਡਜਸਟ ਨਹੀਂ ਕਰ ਪਾਏ ਕਿ ਸ਼ਵੇਤਾ ਪਰਿਵਾਰ 'ਚ ਨਹੀਂ ਹੈ।ਦੱਸ ਦੇਈਏ ਕਿ ਜਯਾ ਨੂੰ ਜਦੋਂ ਵੀ ਮੌਕਾ ਮਿਲਦਾ ਹੈ ਤਾਂ ਉਹ ਆਪਣੇ ਪਰਿਵਾਰ ਬਾਰੇ ਗੱਲ ਕਰਦੀ ਹੈ। ਇੱਕ ਵਾਰ ਸਟਾਰਡਸਟ ਮੈਗਜ਼ੀਨ ਨਾਲ ਗੱਲ ਕਰਦੇ ਹੋਏ ਜਯਾ ਨੇ ਆਪਣੀ ਨੂੰਹ ਐਸ਼ ਦੀ ਤਾਰੀਫ਼ ਕੀਤੀ ਅਤੇ ਉਨ੍ਹਾਂ ਨੂੰ ਇੱਕ ਸ਼ਾਨਦਾਰ ਮਾਂ ਕਿਹਾ। ਖ਼ਬਰਾਂ ਮੁਤਾਬਕ ਉਨ੍ਹਾਂ ਨੇ ਕਿਹਾ ਸੀ, ‘ਉਹ ਖੁਦ ਇੰਡਸਟਰੀ ‘ਚ ਇਕ ਵੱਡੀ ਸਟਾਰ ਹੈ, ਫਿਰ ਵੀ ਉਹ ਆਪਣੇ ਪਰਿਵਾਰ ਨੂੰ ਬਹੁਤ ਮਹੱਤਵ ਦਿੰਦੀ ਹੈ। ਉਹ ਇੱਕ ਮਜ਼ਬੂਤ ਔਰਤ ਹੈ। ਇਸ ਦੇ ਨਾਲ ਹੀ ਜਯਾ ਨੇ ਦੱਸਿਆ ਕਿ ਐਸ਼ ਇੱਕ ਸ਼ਾਨਦਾਰ ਮਾਂ ਹੈ ਅਤੇ ਉਹ ਆਪਣੀ ਬੇਟੀ ਦਾ ਪੂਰਾ ਧਿਆਨ ਰੱਖਦੀ ਹੈ ਅਤੇ ਸਾਰਾ ਕੰਮ ਖੁਦ ਕਰਦੀ ਹੈ। ਜਦੋਂ ਜਯਾ ਬੱਚਨ ਦੀ ਬੇਟੀ ਸ਼ਵੇਤਾ ਆਪਣੇ ਭਰਾ ਅਭਿਸ਼ੇਕ ਨਾਲ ‘ਕੌਫੀ ਵਿਦ ਕਰਨ’ ‘ਚ ਪਹੁੰਚੀ ਸੀ ਤਾਂ ਉਨ੍ਹਾਂ ਨੇ ਐਸ਼ ਬਾਰੇ ਬਹੁਤ ਹੀ ਸਕਾਰਾਤਮਕ ਗੱਲਾਂ ਕਹੀਆਂ ਸਨ। ਉਨ੍ਹਾਂ ਨੇ ਐਸ਼ ਨੂੰ ਇੱਕ ਸ਼ਾਨਦਾਰ ਮਾਂ ਵੀ ਕਿਹਾ। ਉਨ੍ਹਾਂ ਨੇ ਕਿਹਾ ਸੀ ਕਿ ਜਿਸ ਤਰ੍ਹਾਂ ਉਹ ਆਰਾਧਿਆ ਦੀ ਦੇਖਭਾਲ ਕਰਦੀ ਹੈ। ਇਹ ਦੇਖ ਕੇ ਅਸੀਂ ਵੀ ਹੈਰਾਨ ਹਾਂ। ਉਹ ਮੇਰੇ ਬੱਚੇ ਜਾਂ ਆਰਾਧਿਆ 'ਚ ਕੋਈ ਫਰਕ ਮਹਿਸੂਸ ਨਹੀਂ ਕਰਦੀ। ਇਹ ਉਸਦਾ ਸਭ ਤੋਂ ਵਧੀਆ ਗੁਣ ਹੈ।



# 'ਜੱਟ ਐਂਡ ਜੂਲੀਅਟ 3' ਨੇ ਖ਼ਤਮ ਕੀਤੀਆਂ ਚੜ੍ਹਦੇ ਤੇ ਲਹਿੰਦੇ ਪੰਜਾਬ ਦੀਆਂ ਦੂਰੀਆਂ




ਪਾਕਿਸਤਾਨ 'ਚ ਰਿਲੀਜ਼ ਕੀਤੀ ਗਈ ਪੰਜਾਬੀ ਫ਼ਿਲਮ 'ਕੁੜੀ ਹਰਿਆਣੇ ਵੱਲ ਦੀ' ਦਰਸ਼ਕਾਂ ਦੀ ਭੀੜ ਖਿੱਚ ਲੈਣ 'ਚ ਪੂਰੀ ਤਰ੍ਹਾਂ ਨਾਕਾਮਯਾਬ ਰਹੀ ਹੈ, ਜਿਸ ਨੂੰ ਉਥੇ ਕੋਈ ਖਾਸ ਦਰਸ਼ਕ ਹੁੰਗਾਰਾ ਨਹੀਂ ਮਿਲ ਸਕਿਆ। ਉਥੇ ਹੀ ਦੂਜੇ ਪਾਸੇ ਉਥੋਂ ਦੇ ਸਿਨੇਮਾਘਰਾਂ 'ਚ ਹਾਲੇ ਤੱਕ ਕਾਮਯਾਬੀ ਨਾਲ ਚੱਲ ਰਹੀ 'ਜੱਟ ਐਂਡ ਜੂਲੀਅਟ 3' ਦੀ ਸਫ਼ਲਤਾ ਦਾ ਗ੍ਰਾਫ਼ ਲਗਾਤਾਰ ਹੋਰ ਵੱਧਦਾ ਜਾ ਰਿਹਾ ਹੈ। ਬੀਤੇ ਜੂਨ ਮਹੀਨੇ ਵਰਲਡ-ਵਾਈਡ ਰਿਲੀਜ਼ ਹੋ ਚੁੱਕੀ 'ਕੁੜੀ ਹਰਿਆਣੇ ਵੱਲ ਦੀ' ਨੂੰ ਬਿਨ੍ਹਾਂ ਕਿਸੇ ਖਾਸ ਸ਼ੋਰ ਸ਼ਰਾਬੇ ਅਤੇ ਪ੍ਰਮੋਸ਼ਨ ਦੇ ਲਹਿੰਦੇ ਪੰਜਾਬ ਦੇ ਸਿਨੇਮਾ ਘਰਾਂ 'ਚ ਰਿਲੀਜ਼ ਕੀਤਾ ਗਿਆ ਹੈ ਤਾਂ ਕਿ ਦਰਸ਼ਕਾਂ ਅਤੇ ਉਥੋਂ ਦੇ ਫ਼ਿਲਮੀ ਗਲਿਆਰਿਆਂ 'ਚ ਇਸ ਫ਼ਿਲਮ ਪ੍ਰਤੀ ਵੱਧ ਤੋਂ ਵੱਧ ਉਤਸੁਕਤਾ ਅਤੇ ਹਾਈਪ ਜਰਨੇਟ ਕੀਤੀ ਜਾ ਸਕੇ। ਇਸ ਸਭ ਦੇ ਬਾਵਜੂਦ ਦਰਸ਼ਕਾਂ ਵੱਲੋਂ ਇਸ ਫ਼ਿਲਮ ਨੂੰ ਕੋਈ ਖ਼ਾਸ ਪ੍ਰਤੀਕਿਰਿਆ ਨਾ ਦਿੱਤੇ ਜਾਣ ਕਾਰਨ ਉਥੋਂ ਦੇ ਫ਼ਿਲਮ ਆਲੋਚਕਾਂ 'ਚ ਵੀ ਕਾਫ਼ੀ ਹੈਰਾਨੀ ਪਾਈ ਜਾ ਰਹੀ ਹੈ, ਜਿਨ੍ਹਾਂ ਅਨੁਸਾਰ ਪਾਕਿਸਤਾਨ 'ਚ ਸੋਨਮ ਬਾਜਵਾ ਦੇ ਫੈਨਜ਼ ਵੱਡੀ ਤਾਦਾਦ 'ਚ ਹਨ, ਜਿਸ ਦੇ ਬਾਵਜੂਦ ਫ਼ਿਲਮ ਦਾ ਬਾਫਸ ਆਫਿਸ 'ਤੇ ਕਲਿੱਕ ਨਾ ਹੋਣਾ ਕਾਫ਼ੀ ਹੈਰਾਨੀ ਪੈਦਾ ਕਰਦਾ ਹੈ।ਪਾਕਿਸਤਾਨ ਦੇ ਉੱਘੇ ਫਿਲਮ ਕ੍ਰਿਟਿਕ ਐਮ ਜ਼ੁਬੇਰ ਅਨੁਸਾਰ 26 ਜੁਲਾਈ ਨੂੰ ਇੱਥੇ ਰਿਲੀਜ਼ ਹੋਈ 'ਕੁੜੀ ਹਰਿਆਣੇ ਵੱਲ ਦੀ' ਨੂੰ ਵੀਕਐਂਡ 'ਤੇ ਚੰਗਾ ਰਿਸਪਾਂਸ ਮਿਲਣ ਦੀ ਉਮੀਦ ਡਿਸਟ੍ਰੀਬਿਊਟਰਜ਼ ਅਤੇ ਸਿਨੇਮਾ ਮਾਲਕਾਂ ਨੂੰ ਸੀ ਪਰ ਉਨ੍ਹਾਂ ਦੀਆਂ ਆਸਾਂ ਨੂੰ ਬੂਰ ਨਹੀਂ ਪੈ ਸਕਿਆ, ਜਿਸ ਦੇ ਮੱਦੇਨਜ਼ਰ ਉਨ੍ਹਾਂ ਹੋ ਰਹੇ ਅਪਣੇ ਨੁਕਸਾਨ ਦੀ ਭਰਪਾਈ ਕਰਨ ਲਈ ਇਸ ਫ਼ਿਲਮ ਦੇ ਸ਼ੋਅਜ ਘਟਾ ਕੇ 'ਟ ਐਂਡ ਜੂਲੀਅਤ 3' ਦੇ ਸ਼ੋਅਜ ਵਧਾ ਦਿੱਤੇ ਗਏ ਹਨ, ਜੋ 27 ਜੂਨ ਨੂੰ ਪਾਕਿਸਤਾਨ 'ਚ ਰਿਲੀਜ਼ ਕੀਤੀ ਗਈ ਸੀ। ਇਹ ਫ਼ਿਲਮ ਹੁਣ ਤੱਕ 15 ਕਰੋੜ ਦੇ ਕਰੀਬ ਕਾਰੋਬਾਰ ਇਕੱਲੇ ਇਸ ਖਿੱਤੇ ਵਿੱਚ ਕਰ ਚੁੱਕੀ ਹੈ, ਜਿਸ ਦਾ ਇਹ ਅੰਕੜਾ ਲਗਾਤਾਰ ਹੋਰ ਵੱਧਦਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇੱਕ ਦੂਜੇ ਨੂੰ ਟੱਕਰ ਦੇ ਰਹੀਆਂ ਉਕਤ ਫ਼ਿਲਮਾਂ ਦੇ ਮੌਜੂਦਾ ਸ਼ੋਅਜ਼ ਦੀ ਗੱਲ ਕੀਤੀ ਜਾਵੇ ਤਾਂ 'ਜੱਟ ਐਂਡ ਜੂਲੀਅਟ 3' ਦੇ ਸ਼ੋਅਜ਼ ਦੀ ਗਿਣਤੀ ਜਿੱਥੇ ਹਾਲੇ ਵੀ ਵੱਖ-ਵੱਖ ਹਿੱਸਿਆਂ 'ਚ ਪ੍ਰਤੀ ਦਿਨ ਕਾਫ਼ੀ ਸਾਰੇ ਸ਼ੋਅ ਤੱਕ ਬਰਕਰਾਰ ਹੈ, ਉਥੇ ਹੀ 'ਕੁੜੀ ਹਰਿਆਣੇ ਵੱਲ ਦੀ' ਗਿਣਤੀ ਘੱਟ ਸ਼ੋਅਜ਼ ਤੱਕ ਹੀ ਸਿਮਟ ਰਹੀ ਹੈ।

# ਸ਼ਿਲਪਾ ਸ਼ੈੱਟੀ ਦੇ ਪਤੀ ਰਾਜ ਕੁੰਦਰਾ ਨੇ ਖਰੀਦੀ ਕਰੋੜਾਂ ਦੀ ਲਗਜ਼ਰੀ ਕਾਰ





ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਬਿਟਕੁਆਇਨ ਧੋਖਾਧੜੀ ਮਾਮਲੇ 'ਚ ਅਦਾਕਾਰਾ ਸ਼ਿਲਪਾ ਸ਼ੈੱਟੀ ਅਤੇ ਉਸ ਦੇ ਪਤੀ ਰਾਜ ਕੁੰਦਰਾ ਦੀ 97.79 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕਰਨ ਤੋਂ ਕੁਝ ਮਹੀਨਿਆਂ ਬਾਅਦ, ਰਾਜ ਕੁੰਦਰਾ ਨੇ ਇੱਕ ਨਵੀਂ ਲਗਜ਼ਰੀ ਕਾਰ ਖਰੀਦ ਕੇ ਮੁੜ ਸੁਰਖੀਆਂ ਬਟੋਰੀਆਂ। ਬ੍ਰਿਟਿਸ਼ ਲਗਜ਼ਰੀ ਸਪੋਰਟਸ ਕਾਰ ਬ੍ਰਾਂਡ ਲੋਟਸ ਨੇ ਕੁੰਦਰਾ ਨੂੰ ਇਕ ਆਕਰਸ਼ਕ ਹਰੇ ਰੰਗ ਦੀ ਕਾਰ ਡਿਲੀਵਰ ਕੀਤੀ ਹੈ, ਜਿਸ ਦੀ ਕੀਮਤ ਕਥਿਤ ਤੌਰ 'ਤੇ ਲਗਭਗ 3 ਕਰੋੜ ਰੁਪਏ ਹੈ। ਇੰਸਟੈਂਟ ਬਾਲੀਵੁੱਡ ਨੇ ਆਪਣੇ ਅਧਿਕਾਰਤ ਇੰਸਟਾਗ੍ਰਾਮ ਪੇਜ 'ਤੇ ਰਾਜ ਕੁੰਦਰਾ ਦੀ ਇਸ ਨਵੀਂ ਫਿਲਮ ਦਾ ਵੀਡੀਓ ਸ਼ੇਅਰ ਕੀਤਾ ਹੈ। ਵੀਡੀਓ 'ਚ ਤੁਸੀਂ ਦੇਖ ਸਕਦੇ ਹੋ ਕਿ ਰਾਜ ਕੁੰਦਰਾ ਆਪਣੀ ਨਵੀਂ ਸਪੋਰਟਸ ਕਾਰ ਦੀ ਟੈਸਟ ਡਰਾਈਵ ਲੈ ਰਹੇ ਹਨ। ਬਾਅਦ 'ਚ ਉਸ ਨੂੰ ਆਪਣੀ ਨਵੀਂ ਕਾਰ 'ਚ ਜੁਹੂ ਦੇ ਬੰਗਲੇ 'ਤੇ ਪਹੁੰਚਦੇ ਦੇਖਿਆ ਗਿਆ। ਭੂਰੇ ਰੰਗ ਦੀ ਟੀ-ਸ਼ਰਟ ਅਤੇ ਨੀਲੇ ਰੰਗ ਦੀ ਟ੍ਰੈਕ ਪੈਂਟ ਪਹਿਨ ਕੇ ਕੁੰਦਰਾ ਕਾਰ ਤੋਂ ਬਾਹਰ ਆਇਆ, ਕੁਝ ਦੇਰ ਤੱਕ ਪਾਪਰਾਜ਼ੀ ਵੱਲ ਦੇਖਿਆ, ਪਰ ਤਸਵੀਰ ਕਲਿੱਕ ਕਰਵਾਉਣ ਲਈ ਰੁਕਿਆ ਨਹੀਂ। ਵੀਡੀਓ 'ਚ ਉਨ੍ਹਾਂ ਦਾ ਪੁੱਤਰ ਵਿਆਨ ਵੀ ਨਜ਼ਰ ਆ ਰਿਹਾ ਸੀ, ਜੋ ਆਊਟਿੰਗ ਦੌਰਾਨ ਉਨ੍ਹਾਂ ਦੇ ਨਾਲ ਸੀ।ਰਿਪੋਰਟ ਮੁਤਾਬਕ ਰਾਜ ਕੁੰਦਰਾ ਅਤੇ ਸ਼ਿਲਪਾ ਸ਼ੈੱਟੀ ਲਈ ਗੰਭੀਰ ਕਾਨੂੰਨੀ ਪਰੇਸ਼ਾਨੀਆਂ ਤੋਂ ਬਾਅਦ ਇਹ ਮਹਿੰਗੀ ਖਰੀਦਦਾਰੀ ਕੀਤੀ ਗਈ ਹੈ। ਇਸ ਸਾਲ ਅਪ੍ਰੈਲ 'ਚ ਈਡੀ ਨੇ ਮਨੀ ਲਾਂਡਰਿੰਗ ਰੋਕਥਾਮ ਐਕਟ, 2002 (ਪੀਐਮਐਲਏ) ਦੇ ਤਹਿਤ ਜੋੜੇ ਦੀ 97.79 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਸੀ। ਇਸ ਜਾਇਦਾਦ 'ਚ ਮੁੰਬਈ ਅਤੇ ਪੁਣੇ 'ਚ ਫਲੈਟ ਸ਼ਾਮਲ ਹਨ। ਇਨ੍ਹਾਂ ਨੂੰ 2017 ਦੇ ਬਿਟਕੁਆਇਨ ਧੋਖਾਧੜੀ ਮਾਮਲੇ ਦੀ ਜਾਂਚ ਦੇ ਹਿੱਸੇ ਵਜੋਂ ਜ਼ਬਤ ਕੀਤਾ ਗਿਆ ਸੀ।

# ਗਾਇਕ ਗਿੱਪੀ ਗਰੇਵਾਲ ਨੇ ਪਤਨੀ ਅਤੇ ਪੁੱਤਰ ਨਾਲ ਸਾਂਝੀਆਂ ਕੀਤੀਆਂ ਖੂਬਸੂਰਤ ਤਸਵੀਰਾਂ



ਪੰਜਾਬੀ ਫ਼ਿਲਮ ਇੰਡਸਟਰੀ ਦੇ ਮਸ਼ਹੂਰ ਅਦਾਕਾਰ ਅਤੇ ਗਾਇਕ ਗਿੱਪੀ ਗਰੇਵਾਲ ਉਨ੍ਹਾਂ ਅਦਾਕਾਰ ਵਿੱਚੋਂ ਇੱਕ ਹਨ ਜੋ ਸ਼ੋਸਲ ਮੀਡੀਆ ਵਿੱਚ ਕਾਫੀ ਐਕਟਿਵ ਰਹਿੰਦੇ ਹਨ। ਹਾਲ ਹੀ 'ਚ ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਪਤਨੀ ਨਾਲ ਤਸਵੀਰਾਂ ਸਾਂਝੀਆਂ ਕੀਤੀਆਂ ਹਨ।ਇਨ੍ਹਾਂ ਤਸਵੀਰਾਂ 'ਚ ਉਨ੍ਹਾਂ ਦਾ ਸਭ ਤੋਂ ਛੋਟਾ ਪੁੱਤਰ ਗੁਰਬਾਜ਼ ਗਰੇਵਾਲ ਵੀ ਨਜ਼ਰ ਆ ਰਿਹਾ ਹੈ। ਤਸਵੀਰਾਂ ਤੇ ਫੈਨਸ ਵੀ ਖੂਬ ਪਿਆਰ ਲੁਟਾ ਰਹੇ ਹਨ।ਗਿੱਪੀ ਗਰੇਵਾਲ ਅਕਸਰ ਆਪਣੀ ਪਤਨੀ ਤੇ ਬੱਚਿਆਂ ਦੇ ਨਾਲ ਤਸਵੀਰਾਂ ਸਾਂਝੀਆਂ ਕਰਦੇ ਰਹਿੰਦੇ ਹਨ । ਉਹ ਆਪਣੇ ਰੁੱਝੇ ਹੋਏ ਸਮੇਂ ਚੋਂ ਆਪਣੇ ਪਰਿਵਾਰ ਦੇ ਲਈ ਸਮਾਂ ਕੱਢ ਹੀ ਲੈਂਦੇ ਹਨ ਅਤੇ ਪਰਿਵਾਰ ਦੇ ਨਾਲ ਅਕਸਰ ਮਸਤੀ ਕਰਦੇ ਰਹਿੰਦੇ ਹਨ । ਦੱਸ ਦਈਏ ਕਿ ਗਿੱਪੀ ਗਰੇਵਾਲ ਇਨ੍ਹੀਂ ਦਿਨੀਂ ਆਪਣੀ ਫ਼ਿਲਮ 'ਅਰਦਾਸ ਸਰਬੱਤ ਦੇ ਭਲੇ ਦੀ' ਨੂੰ ਲੈ ਕੇ ਚਰਚਾ 'ਚ ਹਨ । ਜਲਦ ਹੀ ਇਹ ਫ਼ਿਲਮ ਰਿਲੀਜ਼ ਹੋਵੇਗੀ ।ਫ਼ਿਲਮ 'ਚ ਗੁਰਪ੍ਰੀਤ ਘੁੱਗੀ, ਜੈਸਮੀਨ ਭਸੀਨ, ਮਲਕੀਤ ਰੌਣੀ ਸਣੇ ਕਈ ਕਲਾਕਾਰ ਨਜ਼ਰ ਆਉਣਗੇ ।ਫ਼ਿਲਮ ਦੀ ਸਟਾਰ ਕਾਸਟ ਵੀ ਫ਼ਿਲਮ ਨੂੰ ਲੈ ਲੇ ਬਹੁਤ ਹੀ ਐਕਸਾਈਟਿਡ ਹੈ । ਇਸ ਤੋਂ ਪਹਿਲਾਂ ਫ਼ਿਲਮ ਦੇ ਬਾਕੀ ਭਾਗਾਂ ਨੂੰ ਵੀ ਦਰਸ਼ਕਾਂ ਦਾ ਬਹੁਤ ਪਿਆਰ ਮਿਲਿਆ ਸੀ ਅਤੇ ਹੁਣ ਇਸ ਫ਼ਿਲਮ ਦਾ ਵੀ ਦਰਸ਼ਕ ਬੇਸਬਰੀ ਦੇ ਨਾਲ ਇੰਤਜ਼ਾਰ ਕਰ ਰਹੇ ਹਨ।

# ਹਾਰਦਿਕ ਨਾਲ ਤਲਾਕ ਤੋਂ ਬਾਅਦ ਨਤਾਸ਼ਾ ਨੇ ਮਨਾਇਆ ਪੁੱਤਰ ਦਾ ਜਨਮਦਿਨ




ਕ੍ਰਿਕਟਰ ਹਾਰਦਿਕ ਪੰਡਯਾ ਅਤੇ ਮਾਡਲ ਨਤਾਸ਼ਾ ਸਟੈਨਕੋਵਿਚ ਨੇ ਲੰਬੇ ਵਿਵਾਦ ਤੋਂ ਬਾਅਦ ਤਲਾਕ ਦਾ ਐਲਾਨ ਕੀਤਾ ਹੈ। ਤਲਾਕ ਦਾ ਐਲਾਨ ਕਰਨ ਤੋਂ ਪਹਿਲਾਂ, ਉਹ ਆਪਣੇ 4 ਸਾਲ ਦੇ ਬੇਟੇ ਅਗਸਤਿਆ ਨਾਲ ਆਪਣੇ ਜੱਦੀ ਘਰ ਸਰਬੀਆ ਗਈ ਹੈ। ਆਪਣੇ ਮਾਤਾ-ਪਿਤਾ ਦੇ ਵੱਖ ਹੋਣ ਤੋਂ ਬਾਅਦ, ਅਗਸਤਿਆ ਨੇ ਹਾਲ ਹੀ 'ਚ ਆਪਣੀ ਨਾਨੀ ਦੇ ਘਰ ਆਪਣਾ ਚੌਥਾ ਜਨਮਦਿਨ ਮਨਾਇਆ। ਨਤਾਸ਼ਾ ਨੇ ਆਪਣੇ ਪੁੱਤਰ ਦੇ ਖਾਸ ਦਿਨ ਨੂੰ ਬੇਹੱਦ ਖਾਸ ਬਣਾਉਣ 'ਚ ਕੋਈ ਕਸਰ ਨਹੀਂ ਛੱਡੀ। ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਦੋ ਬਹੁਤ ਹੀ ਖਾਸ ਪੋਸਟਾਂ ਦੇ ਨਾਲ ਪ੍ਰਸ਼ੰਸਕਾਂ ਨਾਲ ਇਸ ਦੀ ਇੱਕ ਝਲਕ ਵੀ ਸਾਂਝੀ ਕੀਤੀ।ਨਤਾਸ਼ਾ ਸਟੈਨਕੋਵਿਚ ਅਤੇ ਹਾਰਦਿਕ ਪੰਡਯਾ ਦੋਵੇਂ ਵੱਖ ਹੋ ਗਏ ਹਨ। ਦੋਵਾਂ ਵਿਚਾਲੇ ਪਤੀ-ਪਤਨੀ ਦਾ ਰਿਸ਼ਤਾ ਹੁਣ ਖਤਮ ਹੋ ਗਿਆ ਹੈ। ਭਾਵੇਂ ਦੋਵੇਂ ਤਲਾਕ ਲੈ ਕੇ ਵੱਖ ਹੋ ਗਏ ਹਨ, ਪਰ ਉਹ ਆਪਣੇ 4 ਸਾਲ ਦੇ ਪੁੱਤਰ ਅਗਸਤਿਆ ਦੇ ਸਹਿ-ਮਾਪੇ ਬਣੇ ਰਹਿਣਗੇ। ਹਾਰਦਿਕ ਤੋਂ ਤਲਾਕ ਤੋਂ ਬਾਅਦ ਨਤਾਸ਼ਾ ਨੇ ਬੇਟੇ ਅਗਸਤਿਆ ਦਾ ਚੌਥਾ ਜਨਮਦਿਨ ਸਰਬੀਆ 'ਚ ਮਨਾਇਆ। ਨਤਾਸ਼ਾ ਨੇ ਇੱਥੇ ਤਸਵੀਰਾਂ ਸ਼ੇਅਰ ਕੀਤੀਆਂ ਅਤੇ ਉੱਥੇ ਹੀ ਟ੍ਰੋਲਸ ਦਾ ਨਿਸ਼ਾਨਾ ਬਣ ਗਈ।ਨਤਾਸ਼ਾ ਨੇ ਅਗਸਤਿਆ ਲਈ ਇੱਕ ਹੌਟ ਵ੍ਹੀਲ-ਥੀਮ ਵਾਲਾ ਜਨਮਦਿਨ ਮਨਾਇਆ। ਉਨ੍ਹਾਂ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਜਨਮਦਿਨ ਦੇ ਜਸ਼ਨ ਦੀਆਂ ਕਈ ਤਸਵੀਰਾਂ ਸ਼ੇਅਰ ਕੀਤੀਆਂ ਹਨ। ਪਹਿਲੀ ਤਸਵੀਰ ਵਿੱਚ, ਮਾਂ-ਪੁੱਤ ਦੀ ਜੋੜੀ ਇੱਕ ਹੌਟ ਵ੍ਹੀਲਜ਼-ਥੀਮ ਵਾਲੇ ਕੇਕ ਦੇ ਸਾਹਮਣੇ ਕੈਮਰੇ ਲਈ ਪੋਜ਼ ਦਿੰਦੀ ਦਿਖਾਈ ਦੇ ਰਹੀ ਹੈ।ਅਗਸਤਿਆ ਦੇ ਜਨਮ ਦਿਨ 'ਤੇ ਸਜਾਵਟ ਦੀਆਂ ਤਸਵੀਰਾਂ ਅਤੇ ਵੀਡੀਓਜ਼ ਵੀ ਸਾਂਝੀ ਕੀਤੀ ਹੈ। ਪੋਸਟ ਸ਼ੇਅਰ ਕੀਤੇ ਜਾਣ ਤੋਂ ਤੁਰੰਤ ਬਾਅਦ, ਹਾਰਦਿਕ ਦੇ ਭਰਾ ਅਤੇ ਕ੍ਰਿਕਟਰ ਕਰੁਣਾਲ ਪੰਡਯਾ ਨੇ ਕੁਮੈਂਟ 'ਚ ਇੱਕ ਚਿੱਟੇ ਦਿਲ ਦਾ ਇਮੋਜੀ ਸਾਂਝਾ ਕੀਤਾ। ਹਾਲਾਂਕਿ ਕੁਝ ਸੋਸ਼ਲ ਮੀਡੀਆ ਯੂਜ਼ਰਸ ਇਨ੍ਹਾਂ ਤਸਵੀਰਾਂ ਨੂੰ ਦੇਖ ਕੇ ਖੁਸ਼ ਨਹੀਂ ਹਨ ਅਤੇ ਹਾਰਦਿਕ ਦੀ ਗੈਰ-ਮੌਜੂਦਗੀ 'ਤੇ ਸਵਾਲ ਚੁੱਕ ਰਹੇ ਹਨ ਅਤੇ ਨਤਾਸ਼ਾ 'ਤੇ ਤੰਜ਼ ਕੱਸ ਰਹੇ ਹਨ।





internationalnews

www.hsnnews.in

# ਕਮਲਾ ਹੈਰਿਸ ਦੀ ਅਮਰੀਕੀ ਚੋਣ 'ਚ ਐਂਟਰੀ ਨੇ ਬਦਲਿਆ ਸਮੀਕਰਨ



ਅਮਰੀਕੀ ਰਾਸ਼ਟਰਪਤੀ ਚੋਣ 2024 ਅਮਰੀਕਾ ਵਿੱਚ ਦਿਨੋਂ-ਦਿਨ ਦਿਲਚਸਪ ਹੁੰਦੀ ਜਾ ਰਹੀ ਹੈ। ਇਕ ਪਾਸੇ ਜੋਅ ਬਾਈਡੇਨ ਨੇ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰੀ ਤੋਂ ਆਪਣਾ ਨਾਂ ਵਾਪਸ ਲੈ ਲਿਆ ਹੈ। ਉਥੇ ਹੀ ਦੂਜੇ ਪਾਸੇ ਉਨ੍ਹਾਂ ਦੀ ਜਗ੍ਹਾ ਚੋਣ ਮੈਦਾਨ 'ਚ ਉੱਤਰੀ ਭਾਰਤੀ ਮੂਲ ਦੀ ਵਿਰੋਧੀ ਉਮੀਦਵਾਰ ਕਮਲਾ ਹੈਰਿਸ ਹੈ। ਅਤੇ ਡੋਨਾਲਡ ਟਰੰਪ ਦੀਆਂ ਮੁਸ਼ਕਿਲਾਂ ਹੁਣ ਵਧ ਗਈਆਂ ਹਨ। ਰਿਪੋਰਟਾਂ ਮੁਤਾਬਕ ਕਮਲਾ ਹੈਰਿਸ ਦੀ ਹਮਲਾਵਰ ਚੋਣ ਮੁਹਿੰਮ ਨੇ ਪੂਰੇ ਚੋਣ ਸਮੀਕਰਨ ਹੀ ਬਦਲ ਕੇ ਰੱਖ ਦਿੱਤੇ ਹਨ।

### ਹੈਰਿਸ ਚਾਰ ਮੁੱਖ ਰਾਜਾਂ ਵਿੱਚ ਅੱਗੇ

ਰਾਸ਼ਟਰਪਤੀ ਅਹੁਦੇ ਦੀ ਦੌੜ ਵਿੱਚ ਹੈਰਿਸ ਨੇ ਤਥਾਕਥਿਤ ਹਮਲਾਵਰ ਨੇਤਾ ਡੋਨਾਲਡ ਟਰੰਪ ਨੂੰ ਕਾਫੀ ਪਿੱਛੇ ਛੱਡ ਦਿੱਤਾ ਹੈ। ਕਮਲਾ ਹੈਰਿਸ ਨੇ ਡੋਨਾਲਡ ਟਰੰਪ ਨੂੰ ਪਛਾੜ ਦਿੱਤਾ ਹੈ। ਤਾਜ਼ਾ ਰਿਪੋਰਟ ਦੇ ਮੁਤਾਬਕ ਚੋਣ ਦੌੜ ਵਿੱਚ ਟਰੰਪ ਦੀ ਰਫ਼ਤਾਰ ਨੂੰ ਇੱਕ ਬਰੇਕ ਲੱਗ ਗਈ ਹੈ। ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਟਰੰਪ ਨੂੰ ਪਛਾੜਿਆ ਹੈ ਅਤੇ ਹੁਣ ਡੈਮੋਕ੍ਰੇਟਿਕ ਅਤੇ ਰਿਪਬਲਿਕਨ ਉਮੀਦਵਾਰ ਦੋਨੇ ਹੀ ਬਰਾਬਰੀ 'ਤੇ ਹਨ। ਹਾਲਾਂਕਿ ਕਮਲਾ ਹੈਰਿਸ ਨੂੰ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਵਜੋਂ ਅਜੇ ਅਧਿਕਾਰਤ ਤੌਰ 'ਤੇ ਐਲਾਨ ਨਹੀਂ ਕੀਤਾ ਗਿਆ ਹੈ, ਪਰ ਉਸ ਨੇ ਨਾਮਜ਼ਦਗੀ ਲਈ ਰਿਪਬਲਿਕਨ ਡੈਲੀਗੇਟਾਂ ਦੀਆਂ ਜ਼ਰੂਰੀ ਵੋਟਾਂ ਹਾਸਲ ਕਰ ਲਈਆਂ ਹਨ। ਜਿਸ ਵਿੱਚ ਹੈਰਿਸ ਚਾਰ ਮੁੱਖ ਰਾਜਾਂ ਵਿੱਚ ਅੱਗੇ ਹੈ ਅਤੇ ਟਰੰਪ ਦੋ ਵਿੱਚ ਅੱਗੇ ਚਲ ਰਹੇ ਹਨ।ਬੀਤੇ ਦਿਨ ਮੰਗਲਵਾਰ ਨੂੰ ਜਾਰੀ ਕੀਤੇ ਗਏ ਇੱਕ ਸਰਵੇਖਣ ਅਨੁਸਾਰ ਕਮਲਾ ਹੈਰਿਸ ਨੇ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਦੇ ਦੌੜ ਤੋਂ ਹਟਣ ਤੋਂ ਬਾਅਦ ਦੇਸ਼ ਭਰ ਵਿੱਚ ਜ਼ੋਰਦਾਰ ਪ੍ਰਚਾਰ ਅਤੇ ਮੁੱਖ ਸਵਿੰਗ ਸੈੱਟਾਂ ਵਿੱਚ ਟਰੰਪ ਦੀ ਲੀਡ ਨੂੰ ਖ਼ਤਮ ਕਰ ਦਿੱਤਾ ਹੈ। ਕਈ ਪ੍ਰਮੁੱਖ ਮੀਡੀਆ ਆਉਟਲੈਟਾਂ ਨੇ ਅਮਰੀਕਾ ਵਿੱਚ ਰਜਿਸਟਰਡ ਵੋਟਰਾਂ ਦਾ ਇੱਕ ਨਵਾਂ ਸਰਵੇਖਣ ਕੀਤਾ ਹੈ। ਜਿਸ 'ਚ ਕਮਲਾ ਹੈਰਿਸ ਨੇ ਘੱਟੋ-ਘੱਟ ਚਾਰ ਅਹਿਮ ਸੂਬਿਆਂ 'ਚ ਟਰੰਪ ਨੂੰ ਪਛਾੜ ਦਿੱਤਾ ਹੈ, ਜਦਕਿ ਦੋ 'ਚ ਟਰੰਪ ਅੱਗੇ ਹਨ। ਜਿਸ ਵਿੱਚ ਮਿਸ਼ੀਗਨ ਰਾਜ 'ਚ ਹੈਰਿਸ ਟਰੰਪ ਤੋਂ 11 ਫੀਸਦੀ ਨਾਲ ਅੱਗੇ ਹਨ।

ਓਪੀਨੀਅਨ ਪੋਲ ਅਨੁਸਾਰ ਕਮਲਾ ਹੈਰਿਸ ਮਿਸ਼ੀਗਨ ਵਿੱਚ ਟਰੰਪ ਤੋਂ 11 ਪ੍ਰਤੀਸ਼ਤ ਅਤੇ ਐਰੀਜ਼ੋਨਾ, ਵਿਸਕਾਨਸਿਨ ਅਤੇ ਨੇਵਾਡਾ ਵਿੱਚ ਦੋ ਪ੍ਰਤੀਸ਼ਤ ਅੰਕਾਂ ਨਾਲ ਅੱਗੇ ਹਨ। ਜਦ ਕਿ ਟਰੰਪ ਪੈਨਸਿਲਵੇਨੀਆ ਵਿੱਚ ਚਾਰ ਫੀਸਦੀ ਅੰਕਾਂ ਨਾਲ ਅਤੇ ਉੱਤਰੀ ਕੈਰੋਲੀਨਾ ਵਿੱਚ ਦੋ ਫੀਸਦੀ ਅੰਕਾਂ ਨਾਲ ਅੱਗੇ ਹਨ। ਜਾਰਜੀਆ ਵਿੱਚ ਦੋਵਾਂ ਉਮੀਦਵਾਰਾਂ ਦੀ ਪ੍ਰਤੀਸ਼ਤਤਾ ਬਿਲਕੁੱਲ ਬਰਾਬਰ ਹੈ। ਡੈਮੋਕ੍ਰੇਟਿਕ ਸੁਪਰ ਪੀਏਸੀ ਪ੍ਰੋਗਰੈਸ ਐਕਸ਼ਨ ਫੰਡ ਦੇ ਇੱਕ ਸਰਵੇਖਣ ਅਨੁਸਾਰ ਕਮਲਾ ਹੈਰਿਸ ਅਤੇ ਡੋਨਾਲਡ ਟਰੰਪ ਜਾਰਜੀਆ ਵਿੱਚ ਨਜ਼ਦੀਕੀ ਲੜਾਈ ਵੇਖ ਰਹੇ ਹਨ। ਹਾਲਾਂਕਿ ਹੈਰਿਸ ਟਰੰਪ ਤੋਂ ਇਕ ਫੀਸਦੀ ਅੱਗੇ ਹਨ। ਇੱਥੇ ਟਰੰਪ ਨੂੰ 47 ਫ਼ੀਸਦੀ, ਹੈਰਿਸ ਨੂੰ 48 ਫ਼ੀਸਦੀ ਵੋਟਾਂ ਮਿਲਣ ਦੀ ਸੰਭਾਵਨਾ ਹੈ। ਜਦਕਿ ਐਰੀਜ਼ੋਨਾ ਅਤੇ ਪੈਨਸਿਲਵੇਨੀਆ 'ਚ ਟਰੰਪ ਦੋ ਫ਼ੀਸਦੀ ਅੰਕਾਂ ਨਾਲ ਅੱਗੇ ਚੱਲ ਰਹੇ ਹਨ। ਦੂਜੇ ਪਾਸੇ ਇਕ ਹੋਰ ਪੋਲ ਮੁਤਾਬਕ ਹੈਰਿਸ ਨੇ ਟਰੰਪ ਨੂੰ ਪਛਾੜ ਦਿੱਤਾ ਹੈ। ਟਰੰਪ ਨੂੰ 42 ਫ਼ੀਸਦੀ ਅਤੇ ਹੈਰਿਸ ਨੂੰ 48 ਫੀਸਦੀ ਵੋਟਾਂ ਮਿਲਣ ਦੀ ਸੰਭਾਵਨਾ ਹੈ।

# ਪੰਜਾਬੀਆਂ ਲਈ ਚੰਗੀ ਖ਼ਬਰ, ਵੀਜ਼ਾ ਸਬੰਧੀ ਆਸਟ੍ਰੇਲੀਆ ਸਰਕਾਰ ਨੇ ਕੀਤਾ ਵੱਡਾ ਐਲਾਨ




ਆਸਟ੍ਰੇਲੀਆ ਵਿਚ ਕੰਮ ਕਰ ਰਹੇ ਭਾਰਤੀ ਖ਼ਾਸ ਕਰ ਕੇ ਪੰਜਾਬੀ ਪ੍ਰਵਾਸੀਆਂ ਲਈ ਚੰਗੀ ਖ਼ਬਰ ਹੈ। ਹਾਲ ਹੀ ਵਿਚ ਆਸਟ੍ਰੇਲੀਅਨ ਸਰਕਾਰ ਨੇ ਇੱਕ ਨਵੇਂ ਵੀਜ਼ਾ ਸਬ-ਕਲਾਸ ਦਾ ਐਲਾਨ ਕੀਤਾ ਹੈ, ਜੋ ਕਿ ਕੰਮ ਵਾਲੀ ਥਾਂ 'ਤੇ ਆਪਣੇ ਅਧਿਕਾਰਾਂ ਲਈ ਲੜ ਰਹੇ ਪ੍ਰਵਾਸੀ ਕਾਮਿਆਂ ਨੂੰ ਆਪਣੇ ਦਾਅਵੇ ਪ੍ਰਾਪਤ ਕਰਨ ਲਈ ਜ਼ਿਆਦਾ ਸਮਾਂ ਰਹਿਣ ਦੀ ਇਜਾਜ਼ਤ ਦਿੰਦਾ ਹੈ। ਸ਼ੋਸ਼ਣ ਦੇ ਸ਼ਿਕਾਰ ਕਾਮੇ ਹੁਣ ਆਪਣੇ ਮਾਲਕ ਕੋਲ ਆਪਣੇ ਦਾਅਵਿਆਂ ਦੀ ਪੈਰਵੀ ਕਰਨ ਲਈ ਇੱਕ ਸਾਲ ਤੱਕ ਰਹਿ ਸਕਦੇ ਹਨ। ਇਹ ਦੇਸ਼ ਵਿੱਚ ਕੰਮ ਕਰਨ ਵਾਲੇ ਅਸਥਾਈ ਵੀਜ਼ਾ ਧਾਰਕਾਂ ਲਈ ਚੰਗੀ ਖ਼ਬਰ ਹੈ, ਜੋ ਅਕਸਰ ਆਪਣੇ ਮਾਲਕਾਂ ਦੁਆਰਾ ਗ਼ਲਤ ਵਿਵਹਾਰ ਦਾ ਸ਼ਿਕਾਰ ਹੁੰਦੇ ਹਨ। ਵਰਕਪਲੇਸ ਜਸਟਿਸ ਵੀਜ਼ਾ (ਸਬਕਲਾਸ 408) ਦੇ ਨਾਮ ਨਾਲ ਜਾਣਿਆ ਜਾਣ ਵਾਲਾ ਇਹ ਨਵਾਂ ਵੀਜ਼ਾ 24 ਜੁਲਾਈ ਨੂੰ ਲਾਗੂ ਹੋਇਆ ਸੀ। ਪਹਿਲਾਂ ਹੀ ਮਨੁੱਖੀ ਅਧਿਕਾਰ ਕਾਨੂੰਨ ਕੇਂਦਰ ਨਾਲ ਕਥਿਤ ਤੌਰ 'ਤੇ ਕੁਝ ਪ੍ਰਵਾਸੀ ਮਜ਼ਦੂਰਾਂ ਦੁਆਰਾ ਸੰਪਰਕ ਕੀਤਾ ਗਿਆ ਹੈ ਜਿਨ੍ਹਾਂ ਨੂੰ ਕੰਮ ਵਾਲੀ ਥਾਂ 'ਤੇ ਬੇਇਨਸਾਫ਼ੀ ਦਾ ਸਾਹਮਣਾ ਕਰਨਾ ਪਿਆ ਹੈ।ਵਰਕਪਲੇਸ ਜਸਟਿਸ ਵੀਜ਼ਾ ਧਾਰਕਾਂ ਨੂੰ ਛੇ ਤੋਂ 12 ਮਹੀਨਿਆਂ ਲਈ ਕੰਮ ਕਰਨ ਦੇ ਪੂਰੇ ਅਧਿਕਾਰ ਦਿੰਦਾ ਹੈ। ਬਿਨੈਕਾਰ ਲੋੜ ਪੈਣ 'ਤੇ ਦੁਬਾਰਾ ਅਰਜ਼ੀ ਦੇਣ ਦੀ ਚੋਣ ਕਰ ਸਕਦੇ ਹਨ। ਇੱਕ ਅਜਿਹਾ ਪ੍ਰਬੰਧ ਵੀ ਹੈ ਜੋ ਅਜਿਹੇ ਕਰਮਚਾਰੀਆਂ ਦੇ ਵੀਜ਼ੇ ਰੱਦ ਹੋਣ ਤੋਂ ਬਚਾਉਂਦਾ ਹੈ, ਜਿਨ੍ਹਾਂ ਨੇ ਆਪਣੇ ਮਾਲਕਾਂ 'ਤੇ ਸ਼ੋਸ਼ਣ ਕਰਨ ਦਾ ਦੋਸ਼ ਲਗਾਇਆ ਹੈ। ਪ੍ਰਵਾਸੀ ਮਜ਼ਦੂਰਾਂ ਨੂੰ ਸੁਰੱਖਿਆ ਦੀ ਪੇਸ਼ਕਸ਼ ਕਰਨ ਦੇ ਮਾਮਲੇ ਵਿੱਚ ਇਹ ਇੱਕ ਸਵਾਗਤਯੋਗ ਸੁਧਾਰ ਹੈ। ਪ੍ਰਵਾਸੀ ਮਜ਼ਦੂਰਾਂ ਨੂੰ ਘੱਟ ਤਨਖਾਹ ਮਿਲਣ ਦੇ ਅਣਗਿਣਤ ਮਾਮਲੇ ਸਾਹਮਣੇ ਆਏ ਹਨ। ਕੁਝ ਨੂੰ ਘੱਟੋ-ਘੱਟ ਉਜਰਤ ਤੋਂ ਵੀ ਘੱਟ ਤਨਖਾਹ ਦਿੱਤੀ ਗਈ ਹੈ। ਚਿੰਤਾਜਨਕ ਗੱਲ ਇਹ ਹੈ ਕਿ ਇਨ੍ਹਾਂ ਵਿੱਚੋਂ ਬਹੁਤੇ ਘੱਟ ਤਨਖਾਹ ਵਾਲੇ ਕਰਮਚਾਰੀ ਮੁੱਖ ਤੌਰ 'ਤੇ ਆਪਣੇ ਮਾਲਕਾਂ ਨੂੰ ਰਿਪੋਰਟ ਕਰਨ ਵਿੱਚ ਅਸਫਲ ਰਹਿੰਦੇ ਹਨ ਕਿਉਂਕਿ ਉਹ ਨਤੀਜਿਆਂ ਤੋਂ ਡਰਦੇ ਹਨ। ਉਨ੍ਹਾਂ ਨੂੰ ਡਰ ਹੈ ਕਿ ਜੇਕਰ ਉਨ੍ਹਾਂ ਦਾ ਵੀਜ਼ਾ ਰੁਤਬਾ ਪ੍ਰਭਾਵਿਤ ਹੋਇਆ ਤਾਂ ਦੇਸ਼ ਵਿੱਚ ਉਨ੍ਹਾਂ ਦੀ ਨੌਕਰੀ ਦੇ ਮੌਕੇ ਬਰਬਾਦ ਹੋ ਜਾਣਗੇ। ਇਸ ਨਵੇਂ ਵੀਜ਼ਾ ਦਾ ਵਕੀਲਾਂ ਨੇ ਵੀ ਸਵਾਗਤ ਕੀਤਾ ਹੈ। ਉਨ੍ਹਾਂ ਮੁਤਾਬਕ ਇਹ ਨਵਾਂ ਵੀਜ਼ਾ ਪ੍ਰਵਾਸੀ ਮਜ਼ਦੂਰਾਂ ਨੂੰ ਉਮੀਦ ਦੇ ਰਿਹਾ ਹੈ ਜੋ ਸ਼ੋਸ਼ਣ ਵਿਰੁੱਧ ਨਿਆਂ ਲਈ ਲੜ ਰਹੇ ਹਨ।

# ਡੈਮੋਕ੍ਰੈਟਿਕ ਉਮੀਦਵਾਰ ਕਮਲਾ ਹੈਰਿਸ ਨੂੰ 99 ਫ਼ੀਸਦੀ ਸਮਰਥਨ





ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਡੈਮੋਕ੍ਰੈਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਲਈ ਆਪਣੀ ਨਾਮਜ਼ਦਗੀ ਪੱਕੀ ਕਰ ਲਈ ਹੈ ਕਿਉਂਕਿ ਉਹ ਦੇਸ਼ ਭਰ ਦੇ ਪਾਰਟੀ ਪ੍ਰਤੀਨਿਧੀਆਂ ਤੋਂ 'ਵਰਚੁਅਲ ਰੋਲ ਕਾਲ' ਵੋਟਿੰਗ ਲਈ ਯੋਗਤਾ ਪੂਰੀ ਕਰਨ ਵਾਲੀ ਉਮੀਦਵਾਰ ਵਜੋਂ ਉਭਰੀ ਹੈ। ਡੈਮੋਕ੍ਰੈਟਿਕ ਪਾਰਟੀ ਨੇ ਅਧਿਕਾਰਤ ਮਿਆਦ ਖ਼ਤਮ ਹੋਣ ਤੋਂ ਬਾਅਦ ਮੰਗਲਵਾਰ ਰਾਤ ਨੂੰ ਐਲਾਨ ਕੀਤਾ ਕਿ ਦੇਸ਼ ਭਰ ਦੇ 3,923 ਡੈਲੀਗੇਟਾਂ ਨੇ ਹੈਰਿਸ ਦੀ ਡੈਮੋਕ੍ਰੈਟਿਕ ਪਾਰਟੀ ਦੀ ਨਾਮਜ਼ਦਗੀ ਲਈ ਅਰਜ਼ੀ ਦਿੱਤੀ ਸੀ ਅਤੇ ਉਸ ਨੂੰ ਹਿੱਸਾ ਲੈਣ ਵਾਲੇ 99 ਫੀਸਦੀ ਡੈਲੀਗੇਟਾਂ ਦਾ ਸਮਰਥਨ ਪ੍ਰਾਪਤ ਹੋਇਆ। ਡੈਮੋਕ੍ਰੈਟਿਕ ਨੈਸ਼ਨਲ ਕਮੇਟੀ (ਡੀ.ਐੱਨ.ਸੀ.) ਦੇ ਚੇਅਰਮੈਨ ਜੈਮ ਹੈਰੀਸਨ ਅਤੇ ਡੈਮੋਕ੍ਰੈਟਿਕ ਨੈਸ਼ਨਲ ਕਨਵੈਨਸ਼ਨ ਕਮੇਟੀ (ਡੀ.ਐੱਨ.ਸੀ.ਸੀ.) ਦੀ ਚੇਅਰਪਰਸਨ ਮਿਨਿਅਨ ਮੂਰ ਨੇ ਇਕ ਸਾਂਝੇ ਬਿਆਨ 'ਚ ਕਿਹਾ ਕਿ ਹੋਰ ਉਮੀਦਵਾਰ 300 ਡੈਲੀਗੇਟਾਂ ਦੇ ਦਸਤਖਤਾਂ ਦੀ ਹੱਦ ਨੂੰ ਪੂਰਾ ਨਹੀਂ ਕਰ ਸਕੇ। ਬਿਆਨ ਵਿਚ ਕਿਹਾ ਗਿਆ ਹੈ ਕਿ 'ਵਰਚੁਅਲ ਰੋਲ ਕਾਲ' 'ਤੇ ਵੋਟਿੰਗ 1 ਅਗਸਤ ਤੋਂ ਸ਼ੁਰੂ ਹੋਵੇਗੀ ਅਤੇ 5 ਅਗਸਤ ਨੂੰ ਖਤਮ ਹੋਵੇਗੀ। ਇਹ ਉਹ ਪ੍ਰਕਿਰਿਆ ਹੈ, ਜਿਸ ਰਾਹੀਂ ਹੈਰਿਸ ਅਧਿਕਾਰਤ ਤੌਰ 'ਤੇ ਡੈਮੋਕ੍ਰੈਟਿਕ ਉਮੀਦਵਾਰ ਬਣ ਜਾਵੇਗੀ।ਇਸ ਦੌਰਾਨ ਹੈਰਿਸ ਨੇ ਆਪਣੇ ਰਿਪਬਲਿਕਨ ਵਿਰੋਧੀ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਬਹਿਸ ਲਈ ਚੁਣੌਤੀ ਦਿੰਦੇ ਹੋਏ ਕਿਹਾ 'ਜੋ ਵੀ ਕਹਿਣਾ ਹੈ, ਸਾਹਮਣੇ ਕਹੋ।' ਜਾਰਜੀਆ ਦੇ ਅਟਲਾਂਟਾ ਸ਼ਹਿਰ ਵਿਚ ਇਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਹੈਰਿਸ (59) ਨੇ ਕਿਹਾ ਕਿ ਉਨ੍ਹਾ ਂ ਦੇ ਦੌੜ 'ਚ ਸ਼ਾਮਲ ਹੋਣ ਤੋਂ ਬਾਅਦ ਰਾਸ਼ਟਰਪਤੀ ਚੋਣ ਦਾ ਐਂਗਲ ਬਦਲ ਗਿਆ ਹੈ। ਮੌਜੂਦਾ ਰਾਸ਼ਟਰਪਤੀ ਜੋਅ ਬਾਈਡੇਨ ਵੱਲੋਂ 20 ਜੁਲਾਈ ਨੂੰ ਦੂਜੇ ਕਾਰਜਕਾਲ ਦੀ ਦੌੜ ਤੋਂ ਹਟਣ ਦਾ ਐਲਾਨ ਕਰਨ ਤੋਂ ਬਾਅਦ ਹੈਰਿਸ ਨੇ ਅਧਿਕਾਰਤ ਤੌਰ 'ਤੇ ਆਪਣੀ ਉਮੀਦਵਾਰੀ ਦਾ ਐਲਾਨ ਕੀਤਾ। ਹੈਰਿਸ ਨੇ ਕਿਹਾ ਕਿ ਸਮਾਂ ਬਦਲ ਰਿਹਾ ਹੈ। ਅਜਿਹੇ ਸੰਕੇਤ ਹਨ ਕਿ ਡੋਨਾਲਡ ਟਰੰਪ ਨੂੰ ਇਸ ਨੂੰ ਮਹਿਸੂਸ ਕਰ ਰਹੇ ਹਨ। ਤੁਸੀਂ ਪਿਛਲੇ ਹਫ਼ਤੇ ਦੇਖਿਆ ਹੋਵੇਗਾ, ਉਨ੍ਹਾਂ ਨੇ ਖੁਦ ਨੂੰ ਸਤੰਬਰ ਦੀ ਬਹਿਸ ਤੋਂ ਵੱਖ ਕਰ ਲਿਆ, ਜਿਸ ਲਈ ਉਹ ਪਹਿਲਾਂ ਸਹਿਮਤ ਹੋ ਗਏ ਸਨ। ਉਨ੍ਹਾਂ ਨੇ ਉਤਸ਼ਾਹਿਤ ਭੀੜ ਨੂੰ ਕਿਹਾ, 'ਡੋਨਾਲਡ, ਮੈਨੂੰ ਉਮੀਦ ਹੈ ਕਿ ਤੁਸੀਂ ਬਹਿਸ ਦੇ ਮੰਚ 'ਤੇ ਮੈਨੂੰ ਮਿਲਣ 'ਤੇ ਮੁੜ ਵਿਚਾਰ ਕਰੋਗੇ ਕਿਉਂਕਿ ਤੁਸੀਂ ਜੋ ਕੁਝ ਕਹਿਣਾ ਹੈ, ਮੇਰੇ ਸਾਹਮਣੇ ਕਹੋ।' ਹੈਰਿਸ ਦੀ ਪ੍ਰਚਾਰ ਟੀਮ ਅਨੁਸਾਰ ਲਗਭਗ 10,000 ਲੋਕ ਅਟਲਾਂਟਾ 'ਚ ਉਨ੍ਹਾਂ ਦੀ ਚੋਣ ਰੈਲੀ 'ਚ ਸ਼ਾਮਲ ਹੋਏ।ਹੈਰਿਸ ਨੇ ਕਿਹਾ, 'ਵ੍ਹਾਈਟ ਹਾਊਸ ਦਾ ਰਸਤਾ ਇਸ ਸੂਬੇ ਤੋਂ ਹੋ ਕੇ ਲੰਘਦਾ ਹੈ । ਤੁਸੀਂ ਸਾਰਿਆਂ ਨੇ 2020 'ਚ ਜਿੱਤਣ 'ਚ ਸਾਡੀ ਮਦਦ ਕੀਤੀ ਸੀ ਅਤੇ ਅਸੀਂ 2024 'ਚ ਮੁੜ ਅਜਿਹਾ ਕਰਨ ਜਾ ਰਹੇ ਹਾਂ।' ਓਧਰ ਟਰੰਪ ਦੀ ਪ੍ਰਚਾਰ ਟੀਮ ਨੇ ਮਹੱਤਵਪੂਰਨ ਚੋਣ ਸੂਬਿਆਂ 'ਚ ਇਕ ਨਵਾਂ ਇਸ਼ਤਿਹਾਰ ਜਾਰੀ ਕੀਤਾ ਹੈ, ਜਿਸ 'ਚ ਦੋਸ਼ ਲਾਇਆ ਗਿਆ ਹੈ ਕਿ 'ਖਤਰਨਾਕ ਤੌਰ 'ਤੇ ਉਦਾਰਵਾਦੀ' ਕਮਲਾ ਹੈਰਿਸ ਅਮਰੀਕਾ ਦੀ ਦੱਖਣੀ ਸਰਹੱਦ 'ਤੇ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਘੁਸਪੈਠ ਨੂੰ ਰੋਕਣ 'ਚ ਅਸਫਲ ਰਹੀ ਹੈ।ਹਾਲਾਂਕਿ ਹੈਰਿਸ ਦੀ ਪ੍ਰਚਾਰ ਟੀਮ ਨੇ ਇਸ ਦੋਸ਼ ਨੂੰ ਰੱਦ ਕਰ ਦਿੱਤਾ ਹੈ। ਟਰੰਪ ਦੀ ਪ੍ਰਚਾਰ ਟੀਮ ਦੇ ਸੀਨੀਅਰ ਸਲਾਹਕਾਰ ਡੇਨੀਅਲ ਅਲਵਾਰੇਜ ਨੇ ਕਿਹਾ, 'ਕਮਲਾ ਹੈਰਿਸ ਦੀ ਅਸਫਲਤਾ ਨੇ ਅਮਰੀਕਾ ਨੂੰ ਘੱਟ ਸੁਰੱਖਿਅਤ ਬਣਾ ਦਿੱਤਾ ਹੈ। ਪ੍ਰਵਾਸੀ ਅਪਰਾਧ ਵਧੇ ਹਨ, ਅੱਤਵਾਦੀ ਖੁੱਲ੍ਹੀਆਂ ਸਰਹੱਦਾਂ ਰਾਹੀਂ ਦੇਸ਼ 'ਚ ਦਾਖਲ ਹੋਏ ਹਨ, ਮਨੁੱਖੀ ਸਮੱਗਲਿੰਗ ਹਰ ਸੂਬੇ ਨੂੰ ਪ੍ਰਭਾਵਿਤ ਕਰ ਰਹੀ ਹੈ।

# QUAD ਦੇ ਫ਼ੈਸਲੇ ਨਾਲ ਭੜਕਿਆ ਚੀਨ



ਚੀਨ ਨੇ ਜਾਪਾਨ 'ਤੇ ਅਮਰੀਕਾ, ਭਾਰਤ ਅਤੇ ਆਸਟ੍ਰੇਲੀਆ ਦੇ ਨਾਲ ਉੱਚ ਪੱਧਰੀ ਗੱਲਬਾਤ ਦੌਰਾਨ ਉਸ ਖਿਲਾਫ 'ਬਦਨਾਮੀ ਕਰਨ ਵਾਲੇ ਹਮਲੇ' ਕਰਨ ਦਾ ਦੋਸ਼ ਲਗਾਇਆ ਹੈ। ਵਿਦੇਸ਼ ਮੰਤਰਾਲੇ ਨੇ ਬੁੱਧਵਾਰ ਨੂੰ ਇਕ ਬਿਆਨ 'ਚ ਕਿਹਾ ਕਿ ਏਸ਼ੀਆਈ ਮਾਮਲਿਆਂ ਦੇ ਵਿਭਾਗ ਦੇ ਡਾਇਰੈਕਟਰ ਜਨਰਲ ਲਿਊ ਜਿਨਸੋਂਗ ਨੇ ਇਕ ਦਿਨ ਪਹਿਲਾਂ ਜਾਪਾਨੀ ਦੂਤਘਰ 'ਚ ਮਿਸ਼ਨ ਦੇ ਡਿਪਟੀ ਚੀਫ ਅਕੀਰਾ ਯੋਕੋਚੀ ਨਾਲ ਮੁਲਾਕਾਤ ਦੌਰਾਨ ਹਾਲ ਹੀ ਦੇ ਘਟਨਾਕ੍ਰਮ 'ਤੇ ਗੰਭੀਰ ਚਿੰਤਾ ਜ਼ਾਹਰ ਕੀਤੀ। ਬਿਆਨ ਮੁਤਾਬਕ, "ਲਿਊ ਨੇ ਕਿਹਾ ਕਿ ਚੀਨ 'ਤੇ ਜਾਪਾਨ ਦੇ ਬਦਨਾਮੀ ਵਾਲੇ ਹਮਲੇ ਦੋਵਾਂ ਦੇਸ਼ਾਂ ਵਿਚਾਲੇ ਰਣਨੀਤਕ ਅਤੇ ਆਪਸੀ ਸਬੰਧਾਂ ਨੂੰ ਅੱਗੇ ਵਧਾਉਣ ਦੇ ਉਸ ਦੇ ਰੁਖ ਦੇ ਉਲਟ ਹਨ।" ਜਾਪਾਨ ਦੀ ਰਾਜਧਾਨੀ ਟੋਕੀਓ 'ਚ ਐਤਵਾਰ ਨੂੰ ਹੋਈ ਬੈਠਕ ਦੌਰਾਨ ਜਾਪਾਨ ਦੇ ਵਿਦੇਸ਼ ਅਤੇ ਰੱਖਿਆ ਮੰਤਰੀਆਂ ਨੇ ਅਮਰੀਕਾ ਨਾਲ ਫੌਜੀ ਸਹਿਯੋਗ ਵਧਾਉਣ 'ਤੇ ਸਹਿਮਤੀ ਪ੍ਰਗਟਾਈ। ਇਹ ਬੈਠਕ ਦੋਹਾਂ ਦੇਸ਼ਾਂ ਦੇ ਵਿਦੇਸ਼ ਅਤੇ ਰੱਖਿਆ ਮੰਤਰੀਆਂ ਵਿਚਾਲੇ ਹੋਈ। ਸੰਯੁਕਤ ਬਿਆਨ ਵਿਚ ਕਿਹਾ ਗਿਆ ਹੈ ਕਿ ਚੀਨ ਆਪਣੀ ਵਿਦੇਸ਼ ਨੀਤੀ ਦੇ ਜ਼ਰੀਏ ਵਿਸ਼ਵਵਿਆਪੀ ਵਿਵਸਥਾ ਨੂੰ ਆਪਣੇ ਫਾਇਦੇ ਲਈ ਨਵਾਂ ਰੂਪ ਦੇਣਾ ਚਾਹੁੰਦਾ ਹੈ ਅਤੇ ਅਜਿਹਾ ਵਿਵਹਾਰ ਹਿੰਦ-ਪ੍ਰਸ਼ਾਂਤ ਖੇਤਰ ਅਤੇ ਇਸ ਤੋਂ ਬਾਹਰ ਲਈ ਇਕ "ਵੱਡੀ ਰਣਨੀਤਕ ਚੁਣੌਤੀ" ਹੈ। ਅਮਰੀਕਾ ਅਤੇ ਜਾਪਾਨ ਵਿਚਾਲੇ ਗੱਲਬਾਤ ਤੋਂ ਬਾਅਦ ਸੋਮਵਾਰ ਨੂੰ 'ਕਵਾਡ' ਗਰੁੱਪ 'ਚ ਸ਼ਾਮਲ ਦੇਸ਼ਾਂ ਅਮਰੀਕਾ, ਜਾਪਾਨ, ਭਾਰਤ ਅਤੇ ਆਸਟ੍ਰੇਲੀਆ ਦੇ ਵਿਦੇਸ਼ ਮੰਤਰੀਆਂ ਦੀ ਬੈਠਕ ਹੋਈ।ਇਸ ਤੋਂ ਬਾਅਦ ਜਾਰੀ ਕੀਤੇ ਗਏ ਸਾਂਝੇ ਬਿਆਨ ਵਿਚ ਚੀਨ ਦਾ ਨਾਂ ਨਹੀਂ ਲਿਆ ਗਿਆ, ਪਰ "ਵਿਵਾਦਤ ਮੁੱਦਿਆਂ ਵਿਚ ਵੱਧ ਰਹੀ ਫੌਜੀ ਦਖਲਅੰਦਾਜ਼ੀ ਅਤੇ ਦੱਖਣੀ ਚੀਨ ਸਾਗਰ ਵਿਚ ਧਮਕੀ ਭਰੇ ਅਭਿਆਸ" ਦਾ ਵਿਰੋਧ ਕੀਤਾ ਗਿਆ। ਚੀਨ ਨੇ ਅਮਰੀਕਾ 'ਤੇ ਆਪਣੇ (ਚੀਨ ਦੇ) ਵਧਦੇ ਪ੍ਰਭਾਵ ਨੂੰ ਰੋਕਣ ਲਈ ਦੂਜੇ ਦੇਸ਼ਾਂ ਨਾਲ ਸਬੰਧ ਡੂੰਘੇ ਕਰਨ ਦਾ ਦੋਸ਼ ਲਗਾਇਆ ਹੈ। ਵਿਦੇਸ਼ ਮੰਤਰਾਲੇ ਦੇ ਬਿਆਨ 'ਚ ਕਿਹਾ ਗਿਆ ਹੈ ਕਿ ਚੀਨ ਜਾਪਾਨ ਨੂੰ ਆਪਣੇ (ਚੀਨ ਦੇ) ਅੰਦਰੂਨੀ ਮਾਮਲਿਆਂ ਨੂੰ ਲੈ ਕੇ ਗੈਰ-ਜ਼ਿੰਮੇਵਾਰਾਨਾ ਬਿਆਨ ਦੇਣਾ ਬੰਦ ਕਰਨ ਦੀ ਅਪੀਲ ਕਰਦਾ ਹੈ। ਇਸ ਦੇ ਨਾਲ ਹੀ ਜਾਪਾਨ ਦੂਤਘਰ ਵਲੋਂ ਜਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਯੋਕੋਚੀ ਨੇ ਬੈਠਕ 'ਚ ਜਾਪਾਨ ਦਾ ਰੁਖ ਸਪੱਸ਼ਟ ਕੀਤਾ ਅਤੇ ਚੀਨ ਨਾਲ ਜੁੜੇ ਵੱਖ-ਵੱਖ ਵਿਸ਼ਿਆਂ 'ਤੇ ਆਪਣੇ ਵਿਚਾਰ ਪ੍ਰਗਟ ਕੀਤੇ।

# ਹਮਾਸ ਦੇ ਨੇਤਾ ਇਸਮਾਈਲ ਹਾਨੀਆ ਦੇ ਕਤਲ ਦੀ ਚੀਨ ਨੇ ਕੀਤੀ ਨਿੰਦਾ



ਚੀਨ ਨੇ ਬੁੱਧਵਾਰ ਨੂੰ ਈਰਾਨ ਦੇ ਤਹਿਰਾਨ ਵਿਚ ਹਮਾਸ ਨੇਤਾ ਇਸਮਾਈਲ ਹਨੀਆ ਦੀ ਹੱਤਿਆ ਦੀ ਸਖਤ ਨਿੰਦਾ ਕਰਦੇ ਹੋਏ ਚਿਤਾਵਨੀ ਦਿੱਤੀ ਕਿ ਇਹ ਘਟਨਾ ਖੇਤਰ ਵਿਚ ਸੰਕਟ ਨੂੰ ਹੋਰ ਵਧਾ ਸਕਦੀ ਹੈ। ਚੀਨ ਨੇ ਪਿਛਲੇ ਹਫਤੇ ਵੱਖ-ਵੱਖ ਫਲਸਤੀਨੀ ਸਮੂਹਾਂ ਵਿਚਕਾਰ ਏਕਤਾ ਸਮਝੌਤਾ ਕਰਵਾਇਆ ਸੀ। ਈਰਾਨ ਦੇ ਨੀਮ ਫੌਜੀ ਰੈਵੋਲਿਊਸ਼ਨਰੀ ਗਾਰਡ ਨੇ ਬੁੱਧਵਾਰ ਨੂੰ ਕਿਹਾ ਕਿ ਹਮਾਸ ਦੇ ਨੇਤਾ ਇਸਮਾਈਲ ਹਾਨੀਆ ਦੀ ਤਹਿਰਾਨ ਵਿੱਚ ਹੱਤਿਆ ਕਰ ਦਿੱਤੀ ਗਈ ਹੈ। ਹਾਨੀਆ ਮੰਗਲਵਾਰ ਨੂੰ ਈਰਾਨ ਦੇ ਰਾਸ਼ਟਰਪਤੀ ਮਸੂਦ ਪੇਜ਼ੇਸਕੀਅਨ ਦੇ ਸਹੁੰ ਚੁੱਕ ਸਮਾਗਮ ਵਿੱਚ ਸ਼ਾਮਲ ਹੋਣ ਲਈ ਤਹਿਰਾਨ ਵਿੱਚ ਸਨ। ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਲਿਨ ਜਿਆਨ ਨੇ ਇੱਥੇ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਬੀਜਿੰਗ ਹਾਨੀਆ ਦੀ ਹੱਤਿਆ ਦਾ ਸਖ਼ਤ ਵਿਰੋਧ ਕਰਦਾ ਹੈ। ਲਿਨ ਨੇ ਕਿਹਾ ਕਿ ਚੀਨ ਨੇ ਹਮੇਸ਼ਾ ਖੇਤਰੀ ਵਿਵਾਦਾਂ ਨੂੰ ਹੱਲ ਕਰਨ ਦੀ ਵਕਾਲਤ ਕੀਤੀ ਹੈ। ਉਸਨੇ ਕਿਹਾ ਕਿ ਚੀਨ ਡੂੰਘੀ ਚਿੰਤਾ 'ਚ ਹੈ ਕਿ ਇਸ ਘਟਨਾ ਨਾਲ ਖੇਤਰ ਵਿੱਚ ਹੋਰ ਅਸ਼ਾਂਤੀ ਪੈਦਾ ਹੋ ਸਕਦੀ ਹੈ। ਉਨ੍ਹਾਂ ਨੇ ਸੰਘਰਸ਼ ਨੂੰ ਹੋਰ ਵਧਣ ਤੋਂ ਰੋਕਣ ਲਈ ਗਾਜ਼ਾ ਵਿੱਚ ਵਿਆਪਕ ਅਤੇ ਸਥਾਈ ਜੰਗਬੰਦੀ ਲਈ ਚੀਨ ਦੇ ਸੱਦੇ ਨੂੰ ਵੀ ਦੁਹਰਾਇਆ।

# ਰਾਸ਼ਟਰਪਤੀ ਏਰਦੋਗਨ ਨੇ ਹੱਥ ਨਾ ਚੁੰਮਣ 'ਤੇ ਬੱਚੇ ਨੂੰ ਮਾਰਿਆ ਥੱਪੜ



ਆਪਣੇ ਬਿਆਨਾਂ ਨੂੰ ਲੈ ਕੇ ਵਿਵਾਦਾਂ 'ਚ ਰਹਿਣ ਵਾਲੇ ਤੁਰਕੀ ਦੇ ਰਾਸ਼ਟਰਪਤੀ ਰੇਸੇਪ ਤਾਇਪ ਏਰਦੋਗਨ ਇਕ ਵਾਰ ਮੁੜ ਸੁਰਖੀਆਂ ਵਿਚ ਹਨ। ਪਰ ਇਸ ਵਾਰ ਉਸ ਨੂੰ ਆਪਣੇ ਬਿਆਨ ਲਈ ਨਹੀਂ, ਸਗੋਂ ਬੱਚੇ ਨਾਲ ਕੀਤੀ ਹਰਕਤ ਕਾਰਨ ਟ੍ਰੋਲ ਕੀਤਾ ਜਾ ਰਿਹਾ ਹੈ। ਉਨ੍ਹਾਂ ਦਾ ਇਕ ਵੀਡੀਓ ਸਾਹਮਣੇ ਆਇਆ ਹੈ ਜਿਸ ਵਿਚ ਉਹ ਇਕ ਬੱਚੇ ਨੂੰ ਥੱਪੜ ਮਾਰਦਾ ਨਜ਼ਰ ਆ ਰਿਹਾ ਹੈ। ਜਿਸ ਬੱਚੇ ਨੂੰ ਕੁੱਟਿਆ ਗਿਆ ਸੀ, ਉਸ ਦਾ ਕਸੂਰ ਸਿਰਫ਼ ਇਹ ਸੀ ਕਿ ਉਸ ਨੇ ਏਰਦੋਗਨ ਦਾ ਹੱਥ ਨਹੀਂ ਚੁੰਮਿਆ ਸੀ। ਵਾਇਰਲ ਫੁਟੇਜ ਵਿਚ ਦਿਖਾਇਆ ਗਿਆ ਹੈ ਕਿ ਰਾਸ਼ਟਰਪਤੀ ਏਰਦੋਗਨ ਨੇ ਇਕ ਛੋਟੇ ਬੱਚੇ ਨੂੰ ਥੱਪੜ ਮਾਰਿਆ ਜਦੋਂ ਉਹ ਉਸ ਨੂੰ ਨਮਸਕਾਰ ਕਰਨ ਤੋਂ ਝਿਜਕਿਆ ਸੀ। ਇਹ ਘਟਨਾ 27 ਜੁਲਾਈ ਨੂੰ ਪ੍ਰਾਂਤ-ਵਿਆਪੀ ਸ਼ਹਿਰੀ ਪਰਿਵਰਤਨ ਅਤੇ ਆਫ਼ਤ ਨਿਵਾਸ ਪਹਿਲਕਦਮੀ, ਪਠਾਰ ਸੰਭਾਲ ਅਤੇ ਨਵੀਨੀਕਰਨ ਪ੍ਰਾਜੈਕਟ ਦੇ ਉਦਘਾਟਨ ਸਮੇਂ ਵਾਪਰੀ। ਰਾਸ਼ਟਰਪਤੀ ਦੇ ਇਕ ਸੰਖੇਪ ਭਾਸ਼ਣ ਤੋਂ ਬਾਅਦ ਦੋ ਲੜਕੇ ਉਸ ਦਾ ਸਵਾਗਤ ਕਰਨ ਲਈ ਸਟੇਜ 'ਤੇ ਆਏ, ਇਸ ਤੋਂ ਪਹਿਲਾਂ ਕਿ ਏਰਦੋਗਨ ਨੇ ਉਨ੍ਹਾਂ ਵਿੱਚੋਂ ਇਕ ਨੂੰ ਥੱਪੜ ਮਾਰਿਆ। ਇਹ ਪਹਿਲੀ ਵਾਰ ਨਹੀਂ ਹੈ ਜਦੋਂ ਏਰਦੋਗਨ ਕਿਸੇ ਬੱਚੇ ਨੂੰ ਥੱਪੜ ਮਾਰਦੇ ਹੋਏ ਕੈਮਰੇ ਵਿਚ ਕੈਦ ਹੋਏ ਹਨ। ਇਸ ਤੋਂ ਪਹਿਲਾਂ ਨੇਤਾ ਨੂੰ ਇਕ ਬੱਚੇ ਨੂੰ ਥੱਪੜ ਮਾਰਦੇ ਹੋਏ ਦੇਖਿਆ ਗਿਆ ਸੀ, ਜਿਸ ਨੇ ਇਕ ਤੁਰਕੀ ਦੀ ਰਾਸ਼ਟਰੀ ਟੀਮ ਦੀ ਟੀ-ਸ਼ਰਟ 'ਤੇ ਆਟੋਗ੍ਰਾਫ ਮੰਗਿਆ ਸੀ। ਵੀਡੀਓ ਵਿਚ ਏਰਦੋਗਨ ਨੂੰ ਦੋ ਬੱਚਿਆਂ ਵੱਲ ਆਪਣਾ ਹੱਥ ਵਧਾਉਂਦੇ ਹੋਏ ਦੇਖਿਆ ਜਾ ਸਕਦਾ ਹੈ, ਪਰ ਉਨ੍ਹਾਂ ਵਿੱਚੋਂ ਇਕ ਜਿਵੇਂ ਹੀ ਉਹ ਰਾਸ਼ਟਰਪਤੀ ਵੱਲ ਦੇਖਦਾ ਝਿਜਕਿਆ, ਇਸ 'ਤੇ ਏਰਦੋਗਨ ਨੇ ਤੇਜ਼ੀ ਨਾਲ ਛੋਟੇ ਬੱਚੇ ਦੇ ਚਿਹਰੇ 'ਤੇ ਥੱਪੜ ਮਾਰਿਆ, ਫਿਰ ਆਪਣੀ ਸਥਿਤੀ 'ਤੇ ਵਾਪਸ ਆ ਗਿਆ ਅਤੇ ਲੜਕੇ ਦਾ ਹੱਥ ਚੁੰਮਣ ਦੀ ਉਡੀਕ ਕਰਨ ਲੱਗਾ। ਰਾਸ਼ਟਰਪਤੀ ਵੱਲੋਂ ਦੋਵਾਂ ਬੱਚਿਆਂ ਨੂੰ ਤੋਹਫ਼ੇ ਵਜੋਂ ਕੁਝ ਪੈਸੇ ਦੇਣ ਤੋਂ ਪਹਿਲਾਂ ਲੜਕੇ ਨੇ ਏਰਦੋਗਨ ਦਾ ਹੱਥ ਚੁੰਮਿਆ। ਏਰਦੋਗਨ ਦੀ ਇਕ ਛੋਟੇ ਬੱਚੇ ਦੇ ਮੂੰਹ 'ਤੇ ਥੱਪੜ ਮਾਰਨ ਦੀ ਇਕ ਹੈਰਾਨ ਕਰਨ ਵਾਲੀ ਕਲਿੱਪ ਐਕਸ 'ਤੇ ਵਾਇਰਲ ਹੋ ਗਈ ਹੈ ਅਤੇ ਉਪਭੋਗਤਾਵਾਂ ਵਿਚ ਗੁੱਸਾ ਫੈਲ ਗਿਆ ਹੈ।

# ਭਾਰਤ ਵਿੱਚ ਚੋਟੀ ਦੇ ਕ੍ਰਿਸ਼ਨਾ ਮੰਦਰ



ਤੁਸੀਂ ਭਾਰਤ ਵਿੱਚ ਜਿੱਥੇ ਵੀ ਜਾਓ, ਇੱਕ ਸ਼ਬਦ ਜੋ ਤੁਹਾਨੂੰ ਹਮੇਸ਼ਾ ਸੁਣਨ ਨੂੰ ਮਿਲੇਗਾ ਉਹ ਹੈ 'ਰਾਮ'। ਭਗਵਾਨ ਰਾਮ ਭਗਵਾਨ ਵਿਸ਼ਨੂੰ ਦਾ ਸੱਤਵਾਂ ਅਵਤਾਰ ਸੀ ਅਤੇ ਦੁਨੀਆ ਭਰ ਦੇ ਹਿੰਦੂਆਂ ਦੁਆਰਾ ਉਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ। ਉਹ ਚੰਗਿਆਈ ਦਾ ਪ੍ਰਤੀਕ ਸੀ ਅਤੇ ਉਸਨੇ ਸਾਨੂੰ ਸਿਖਾਇਆ ਕਿ ਕਿਵੇਂ ਨੈਤਿਕ ਤੌਰ 'ਤੇ ਸਹੀ ਹੋਣਾ ਹੈ ਭਾਵੇਂ ਤੁਹਾਡੇ ਕੋਲ ਸਿਰ ਢੱਕਣ ਲਈ ਸ਼ੈੱਡ ਨਾ ਹੋਵੇ। ਉਸਨੇ ਰਾਵਣ, ਇੱਕ ਬਹੁਤ ਸ਼ਕਤੀਸ਼ਾਲੀ ਅਤੇ ਬੁੱਧੀਮਾਨ ਦੈਂਤ ਨੂੰ ਹਰਾਇਆ ਅਤੇ ਸਾਨੂੰ ਉਸਦੀ ਬੁਰਾਈ ਤੋਂ ਬਚਾਇਆ। ਇਸ ਲਈ ਰਾਮ ਭਾਰਤ ਦੀ ਬ੍ਰਹਮ ਧਰਤੀ ਦੇ ਹਰ ਦਿਲ ਅਤੇ ਹਰ ਕੋਨੇ ਵਿੱਚ ਵੱਸਦਾ ਹੈ। ਅਯੁੱਧਿਆ ਮਾਮਲੇ 'ਤੇ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਸਭ ਨੂੰ ਪਤਾ ਹੈ ਕਿ ਇਸ ਪਵਿੱਤਰ ਨਗਰੀ 'ਚ ਰਾਮ ਮੰਦਰ ਦਾ ਨਿਰਮਾਣ ਹੋਣ ਜਾ ਰਿਹਾ ਹੈ। ਹਾਲਾਂਕਿ, ਕਈ ਰਾਮ ਮੰਦਰ ਹਨ ਜੋ ਅਜੇ ਵੀ ਭਾਰਤ ਵਿੱਚ ਮੌਜੂਦ ਹਨ। ਭਾਰਤ ਵਿੱਚ ਪ੍ਰਸਿੱਧ ਰਾਮ ਮੰਦਰਾਂ ਦੀ ਸੂਚੀ ਦੀ ਪੜਚੋਲ ਕਰੋ ਜਿਨ੍ਹਾਂ ਨੂੰ ਤੁਹਾਨੂੰ ਜੀਵਨ ਵਿੱਚ ਇੱਕ ਵਾਰ ਜ਼ਰੂਰ ਜਾਣਾ ਚਾਹੀਦਾ ਹੈ।



ਅਯੁੱਧਿਆ ਵਿਚ ਰਾਮ ਮੰਦਰ ਹਮੇਸ਼ਾ ਹਿੰਦੂਆਂ ਲਈ ਪ੍ਰਮੁੱਖ ਰਿਹਾ ਹੈ ਕਿਉਂਕਿ ਇਸ ਨੂੰ 'ਰਾਮ ਜਨਮ ਭੂਮੀ', ਭਗਵਾਨ ਰਾਮ ਦਾ ਜਨਮ ਸਥਾਨ ਕਿਹਾ ਜਾਂਦਾ ਹੈ। ਫੈਜ਼ਾਬਾਦ ਜ਼ਿਲ੍ਹੇ ਵਿੱਚ ਸਰਯੂ ਨਦੀ ਦੇ ਕੰਢੇ ਸਥਿਤ ਇਹ ਰਾਮ ਮੰਦਰ ਹਿੰਦੂਆਂ ਵਿੱਚ ਬਹੁਤ ਮਹੱਤਵ ਰੱਖਦਾ ਹੈ। ਹਰ ਸਾਲ ਹਜ਼ਾਰਾਂ ਸ਼ਰਧਾਲੂ ਇਸ ਬ੍ਰਹਮ ਧਰਤੀ 'ਤੇ ਉਸ ਸਥਾਨ ਦੀ ਝਲਕ ਪਾਉਣ ਲਈ ਆਉਂਦੇ ਹਨ ਜਿੱਥੇ ਉਨ੍ਹਾਂ ਦੇ ਆਦਰਸ਼ ਰਾਜਾ ਸ਼੍ਰੀ ਰਾਮ ਦਾ ਜਨਮ ਹੋਇਆ ਸੀ। ਸ਼ਾਂਤ ਘਾਟ, ਸ਼ਾਨਦਾਰ ਮੰਦਰ ਅਤੇ ਭਗਵਾਨ ਰਾਮ ਵਿੱਚ ਹਿੰਦੂਆਂ ਦਾ ਅਟੁੱਟ ਵਿਸ਼ਵਾਸ ਅਯੁੱਧਿਆ ਵਿੱਚ ਰਾਮ ਮੰਦਰ ਦੀ ਸ਼ਾਂਤੀ ਨੂੰ ਕਾਇਮ ਰੱਖਦਾ ਹੈ।



ਤ੍ਰਿਪਯਾਰ ਸ਼੍ਰੀ ਰਾਮ ਮੰਦਿਰ ਕੇਰਲ ਦੇ ਤ੍ਰਿਸ਼ੂਰ ਜ਼ਿਲ੍ਹੇ ਵਿੱਚ ਸਥਿਤ ਹੈ। ਇਸ ਰਾਮ ਮੰਦਿਰ ਦੀ ਇੱਥੇ ਸਥਾਪਿਤ ਮੂਰਤੀ ਦੇ ਪਿੱਛੇ ਇੱਕ ਬਹੁਤ ਹੀ ਦਿਲਚਸਪ ਕਹਾਣੀ ਹੈ। ਇਹ ਮੰਨਿਆ ਜਾਂਦਾ ਹੈ ਕਿ ਤ੍ਰਿਪਯਾਰ ਵਿੱਚ ਰੱਖੀ ਮੂਰਤੀ ਨੂੰ ਭਗਵਾਨ ਕ੍ਰਿਸ਼ਨ ਦੁਆਰਾ ਪੂਜਣ ਲਈ ਵਰਤਿਆ ਜਾਂਦਾ ਸੀ ਜੋ ਭਗਵਾਨ ਵਿਸ਼ਨੂੰ ਦਾ ਅਵਤਾਰ ਵੀ ਮੰਨਿਆ ਜਾਂਦਾ ਹੈ। ਇਹ ਸਮੁੰਦਰ ਵਿੱਚ ਡੁੱਬ ਗਿਆ ਸੀ ਅਤੇ ਕੇਰਲਾ ਦੇ ਚੇਤੂਵਾ ਖੇਤਰ ਦੇ ਇੱਕ ਮਛੇਰੇ ਦੁਆਰਾ ਸਥਾਪਿਤ ਕੀਤਾ ਗਿਆ ਸੀ। ਬਾਅਦ ਵਿੱਚ ਸ਼ਾਸਕ- ਵੱਕਾਇਲ ਕੈਮਲ ਨੇ ਉਸ ਮੂਰਤੀ ਨੂੰ ਤ੍ਰਿਪ੍ਰਯਾਰ ਮੰਦਰ ਵਿੱਚ ਸਥਾਪਿਤ ਕੀਤਾ। ਤੁਸੀਂ ਇਸ ਮਨਮੋਹਕ ਮੰਦਰ ਵਿੱਚ ਦਿਲਚਸਪ ਮੂਰਤੀਆਂ ਅਤੇ ਲੱਕੜ ਦੀ ਨੱਕਾਸ਼ੀ ਪਾ ਸਕਦੇ ਹੋ ਜੋ ਇਸਨੂੰ ਭਾਰਤ ਦੇ ਸਭ ਤੋਂ ਵਧੀਆ ਰਾਮ ਮੰਦਰਾਂ ਵਿੱਚੋਂ ਇੱਕ ਬਣਾਉਂਦਾ ਹੈ। ਇੱਕ ਵਿਸ਼ਵਾਸ ਹੈ ਕਿ ਤ੍ਰਿਪਯਾਰ ਦਾ ਦੌਰਾ ਕਰਨ ਨਾਲ ਤੁਹਾਨੂੰ ਤੁਹਾਡੇ ਆਲੇ ਦੁਆਲੇ ਦੀਆਂ ਸਾਰੀਆਂ ਦੁਸ਼ਟ ਆਤਮਾਵਾਂ ਤੋਂ ਮੁਕਤੀ ਮਿਲਦੀ ਹੈ। ਏਕਾਦਸੀ ਤਿਉਹਾਰ ਇਸ ਮੰਦਰ ਵਿੱਚ ਇੱਕ ਸ਼ਾਨਦਾਰ ਜਸ਼ਨ ਅਤੇ ਖੁਸ਼ੀ ਦਾ ਗਵਾਹ ਹੈ। ਭਗਵਾਨ ਅਰਯੱਪਾ ਨੂੰ ਦੁਨੀਆ ਭਰ ਦੇ 21 ਹਾਥੀਆਂ ਅਤੇ ਸ਼ਰਧਾਲੂਆਂ ਨਾਲ ਬਾਹਰ ਕੱਢਿਆ ਜਾਂਦਾ ਹੈ।

ਕਾਲਾਰਾਮ ਮੰਦਰ ਭਾਰਤ ਵਿੱਚ ਇੱਕ ਸ਼ਾਨਦਾਰ ਰਾਮ ਮੰਦਰ ਹੈ ਜੋ ਕਿ ਨਾਸਿਕ, ਮਹਾਰਾਸ਼ਟਰ ਦੇ ਪੰਚਵਟੀ ਖੇਤਰ ਵਿੱਚ ਸਥਿਤ ਹੈ। ਕਾਲਾਰਾਮ ਦਾ ਸ਼ਾਬਦਿਕ ਅਰਥ ਹੈ 'ਕਾਲਾ ਰਾਮ' ਅਤੇ ਮੰਦਰ ਨੂੰ ਇਹ ਨਾਮ ਭਗਵਾਨ ਰਾਮ ਦੀ 2 ਫੁੱਟ ਉੱਚੀ ਕਾਲੀ ਮੂਰਤੀ ਕਾਰਨ ਪਿਆ। ਦੇਵੀ ਸੀਤਾ ਅਤੇ ਲਕਸ਼ਮਣ ਦੀਆਂ ਮੂਰਤੀਆਂ ਵੀ ਸਥਾਪਿਤ ਹਨ। ਇਹ ਮੰਨਿਆ ਜਾਂਦਾ ਹੈ ਕਿ ਜਦੋਂ ਭਗਵਾਨ ਰਾਮ ਨੂੰ ਚੌਦਾਂ ਸਾਲਾਂ ਲਈ ਬਨਵਾਸ 'ਤੇ ਭੇਜਿਆ ਗਿਆ ਸੀ, ਦਸਵੇਂ ਸਾਲ ਬਾਅਦ, ਉਹ ਸੀਤਾ ਅਤੇ ਲਕਸ਼ਮਣ ਦੇ ਨਾਲ ਪੰਚਵਟੀ ਵਿੱਚ ਗੋਦਾਵਰੀ ਨਦੀ ਦੇ ਕੋਲ ਰਹਿਣ ਲਈ ਆਏ ਸਨ। ਇਸ ਮੰਦਰ ਦਾ ਨਿਰਮਾਣ ਸਰਦਾਰ ਰੰਗਾਰੂ ਓਧੇਕਰ ਦੁਆਰਾ ਕੀਤਾ ਗਿਆ ਸੀ ਜਿਸ ਨੇ ਸੁਪਨਾ ਲਿਆ ਸੀ ਕਿ ਗੋਦਾਵਰੀ ਨਦੀ ਵਿੱਚ ਰਾਮ ਦੀ ਇੱਕ ਕਾਲੀ ਮੂਰਤੀ ਹੈ, ਜਿਸ ਨੂੰ ਉਸਨੇ ਅਗਲੇ ਦਿਨ ਨਦੀ ਵਿੱਚੋਂ ਕੱਢ ਕੇ ਕਾਲਾਰਾਮ ਮੰਦਰ ਵਿੱਚ ਸਥਾਪਿਤ ਕੀਤਾ।





ਸੀਤਾ ਰਾਮਚੰਦਰਸਵਾਮੀ ਮੰਦਿਰ ਭਾਰਤ ਦੇ ਸਭ ਤੋਂ ਮਸ਼ਹੂਰ ਰਾਮ ਮੰਦਰਾਂ ਵਿੱਚੋਂ ਇੱਕ ਹੈ, ਜੋ ਤੇਲੰਗਾਨਾ ਦੇ ਭਦ੍ਰਾਦਰੀ ਕੋਠਾਗੁਡੇਮ ਜ਼ਿਲ੍ਹੇ ਦੇ ਭਦਰਚਲਮ ਵਿੱਚ ਸਥਿਤ ਹੈ। ਇਸ ਮੰਦਰ ਦਾ ਭਗਵਾਨ ਰਾਮ ਨਾਲ ਸਬੰਧਤ ਬਹੁਤ ਮਹੱਤਵਪੂਰਨ ਇਤਿਹਾਸ ਹੈ ਕਿਉਂਕਿ ਰਾਮਚੰਦਰਸਵਾਮੀ ਮੰਦਰ ਖੜ੍ਹਾ ਹੈ ਜਿੱਥੇ ਰਾਮ ਨੇ ਸੀਤਾ ਨੂੰ ਲੰਕਾ ਤੋਂ ਵਾਪਸ ਲਿਆਉਣ ਲਈ ਗੋਦਾਵਰੀ ਨਦੀ ਪਾਰ ਕੀਤੀ ਸੀ। ਮੰਦਰ ਦੇ ਅੰਦਰ ਸਥਾਪਿਤ ਮੂਰਤੀ ਤ੍ਰਿਭੰਗਾ ਦੇ ਰਵੱਈਏ ਵਿੱਚ ਖੜ੍ਹੀ ਹੈ ਜਿਸ ਵਿੱਚ ਭਗਵਾਨ ਰਾਮ ਨੇ ਆਪਣੇ ਹੱਥ ਵਿੱਚ ਧਨੁ ਅਤੇ ਬਾਨ ਲਿਆ ਹੋਇਆ ਹੈ ਅਤੇ ਦੇਵੀ ਸੀਤਾ ਆਪਣੇ ਹੱਥ ਵਿੱਚ ਇੱਕ ਕਮਲ ਲੈ ਕੇ ਉਸਦੇ ਕੋਲ ਖੜ੍ਹੀ ਹੈ।



ਰਾਮ ਰਾਜਾ ਮੰਦਿਰ ਭਾਰਤ ਦਾ ਇੱਕੋ ਇੱਕ ਅਜਿਹਾ ਮੰਦਿਰ ਹੈ ਜਿੱਥੇ ਰਾਮ ਦੀ ਪੂਜਾ ਰਾਜਾ ਵਜੋਂ ਕੀਤੀ ਜਾਂਦੀ ਹੈ ਨਾ ਕਿ ਭਗਵਾਨ ਵਜੋਂ। ਇਸ ਰਾਮ ਮੰਦਿਰ ਨੂੰ ਇੱਕ ਸ਼ਾਨਦਾਰ ਕਿਲ੍ਹੇ ਦੇ ਰੂਪ ਵਿੱਚ ਬਣਾਇਆ ਗਿਆ ਹੈ ਜਿਸ ਦੇ ਨਾਲ ਮੰਦਿਰ ਦੇ ਪਹਿਰੇਦਾਰ ਵਜੋਂ ਸੇਵਾ ਨਿਭਾ ਰਹੇ ਪੁਲਿਸ ਕਰਮਚਾਰੀ ਹਨ। ਹਰ ਰੋਜ਼ ਗਾਰਡ ਆਫ਼ ਆਨਰ ਕੀਤਾ ਜਾਂਦਾ ਹੈ ਅਤੇ ਰਾਜਾ ਰਾਮ ਨੂੰ ਹਥਿਆਰਾਂ ਦੀ ਸਲਾਮੀ ਦਿੱਤੀ ਜਾਂਦੀ ਹੈ। ਤੁਸੀਂ ਇਸ ਮੰਦਰ ਦੇ ਆਕਰਸ਼ਕ ਅੰਦਰੂਨੀ ਹਿੱਸੇ ਤੋਂ ਹੈਰਾਨ ਹੋਵੋਗੇ ਜੋ ਇਸਨੂੰ ਭਾਰਤ ਦੇ ਸਭ ਤੋਂ ਵਧੀਆ ਰਾਮ ਮੰਦਰਾਂ ਵਿੱਚੋਂ ਇੱਕ ਬਣਾਉਂਦਾ ਹੈ। ਰਾਮ ਰਾਜਾ ਮੰਦਰ ਵਿੱਚ ਭਗਵਾਨ ਰਾਮ ਦੀ ਮੂਰਤੀ ਪਹਿਲਾਂ ਚਤੁਰਭੁਜ ਮੰਦਰ ਵਿੱਚ ਰੱਖੀ ਜਾਣੀ ਸੀ। ਪਰ ਇੱਕ ਵਾਰ ਜਿੱਥੇ ਇਹ ਇਸ ਸਮੇਂ ਖੜ੍ਹੀ ਹੈ, ਉਸ ਥਾਂ 'ਤੇ ਰੱਖਣ ਨਾਲ, ਕੋਈ ਵੀ ਇਸ ਨੂੰ ਉਥੋਂ ਹਿਲਾਉਣ ਦੇ ਯੋਗ ਨਹੀਂ ਸੀ। ਰਾਮ ਰਾਜਾ ਮੰਦਿਰ ਦੀਆਂ ਜੀਵੰਤ ਕੰਧਾਂ ਅਤੇ ਸੰਗਮਰਮਰ ਦਾ ਵਿਹੜਾ ਇਸ ਮੰਦਰ ਦੀ ਸੁੰਦਰਤਾ ਨੂੰ ਵਧਾਉਂਦਾ ਹੈ ਅਤੇ ਇਸਨੂੰ ਭਾਰਤ ਦੇ ਸਭ ਤੋਂ ਵਧੀਆ ਰਾਮ ਮੰਦਰਾਂ ਵਿੱਚੋਂ ਇੱਕ ਬਣਾਉਂਦਾ ਹੈ।

ਅਯੁੱਧਿਆ ਭਗਵਾਨ ਰਾਮ ਦਾ ਜਨਮ ਸਥਾਨ ਹੈ, ਇਸ ਬ੍ਰਹਮ ਨਗਰੀ ਵਿੱਚ ਤੁਸੀਂ ਜਿੱਥੇ ਵੀ ਜਾਓਗੇ ਤੁਹਾਨੂੰ ਉਨ੍ਹਾਂ ਦਾ ਨਾਮ ਹਮੇਸ਼ਾ ਸੁਣਨ ਨੂੰ ਮਿਲੇਗਾ। ਕਨਕ ਭਵਨ ਮੰਦਰ ਅਯੁੱਧਿਆ ਦੇ ਸਭ ਤੋਂ ਵਧੀਆ ਰਾਮ ਮੰਦਰਾਂ ਵਿੱਚੋਂ ਇੱਕ ਹੈ। ਕਨਕ ਦਾ ਸ਼ਾਬਦਿਕ ਅਰਥ ਸੋਨਾ ਹੈ ਅਤੇ ਇਸ ਮੰਦਰ ਦਾ ਨਾਮ ਸੋਨੇ ਦੇ ਗਹਿਣਿਆਂ ਅਤੇ ਰਾਮ ਅਤੇ ਸੀਤਾ ਦੀਆਂ ਮੂਰਤੀਆਂ ਦੇ ਸੋਨੇ ਦੇ ਸਿੰਘਾਸਣ ਕਾਰਨ ਪਿਆ ਹੈ। ਜਦੋਂ ਵੀ ਤੁਸੀਂ ਇਸ ਪਵਿੱਤਰ ਮੰਦਿਰ 'ਤੇ ਜਾਂਦੇ ਹੋ, ਇੱਥੇ ਸੂਰਜ ਚੜ੍ਹਨ ਜਾਂ ਸੂਰਜ ਡੁੱਬਣ ਤੋਂ ਕਦੇ ਨਾ ਭੁੱਲੋ। ਕਨਕ ਮੰਦਿਰ ਨੂੰ ਇਸ ਤਰੀਕੇ ਨਾਲ ਬਣਾਇਆ ਗਿਆ ਹੈ ਕਿ ਮੰਦਰ ਦੀ ਮੁੱਖ ਕੰਧ ਪੂਰਬ ਵੱਲ ਹੈ। ਇਸ ਲਈ ਜਦੋਂ ਸੂਰਜ ਦੀਆਂ ਕਿਰਨਾਂ ਇਸ ਦੀ ਕੰਧ 'ਤੇ ਪੈਂਦੀਆਂ ਹਨ ਤਾਂ ਮੰਦਰ ਸ਼ਾਨਦਾਰ ਦਿਖਾਈ ਦਿੰਦਾ ਹੈ। ਇਸ ਮੰਦਰ ਦਾ ਨਿਰਮਾਣ ਅਸਲ ਵਿੱਚ ਭਗਵਾਨ ਰਾਮ ਦੀ ਮਤਰੇਈ ਮਾਂ ਕੈਕੇਈ ਨੇ ਆਪਣੇ ਵਿਆਹ ਦੇ ਤੋਹਫ਼ੇ ਵਜੋਂ ਕੀਤਾ ਸੀ। ਬਾਅਦ ਵਿੱਚ, ਇਸ ਨੂੰ ਦੁਬਾਰਾ ਬਣਾਇਆ ਗਿਆ ਸੀ.






ਇੱਕ ਸਮਾਂ ਸੀ ਜਦੋਂ ਲੰਕਾ ਤੋਂ ਆਉਣ ਤੋਂ ਬਾਅਦ ਸੀਤਾ ਨੂੰ ਤਿਆਗ ਦਿੱਤਾ ਗਿਆ ਸੀ। ਸ਼੍ਰੀ ਰਾਮ ਤੀਰਥ ਉਹ ਸਥਾਨ ਹੈ ਜਿੱਥੇ ਉਸਨੇ ਰਿਸ਼ੀ ਵਾਲਮੀਕਿ ਦੇ ਆਸ਼ਰਮ ਵਿੱਚ ਸ਼ਰਨ ਪ੍ਰਾਪਤ ਕੀਤੀ ਸੀ। ਇਹ ਉਹੀ ਸਥਾਨ ਹੈ ਜਿੱਥੇ ਉਸਨੇ ਜੁੜਵਾਂ ਬੱਚਿਆਂ, ਲਵ ਅਤੇ ਕੁਸ਼ ਨੂੰ ਜਨਮ ਦਿੱਤਾ। ਇੱਥੇ ਸ਼੍ਰੀ ਰਾਮ ਤੀਰਥ ਮੰਦਿਰ ਵਿਖੇ ਜੁੜਵਾਂ ਬੱਚਿਆਂ ਅਤੇ ਭਗਵਾਨ ਰਾਮ ਦੀ ਸੈਨਾ ਵਿਚਕਾਰ ਲੜਾਈ ਹੋਈ। ਰਾਮਾਇਣ ਦਾ ਸਾਰਾ ਮਹਾਂਕਾਵਿ ਇਸ ਆਸ਼ਰਮ ਵਿੱਚ ਵਾਲਮੀਕਿ ਦੁਆਰਾ ਰਚਿਆ ਗਿਆ ਸੀ। ਅਜਿਹੀਆਂ ਮਹੱਤਵਪੂਰਨ ਘਟਨਾਵਾਂ ਦੀ ਇੱਕ ਲੜੀ ਸ਼੍ਰੀ ਰਾਮ ਤੀਰਥ ਮੰਦਰ ਨੂੰ ਭਾਰਤ ਦੇ ਸਭ ਤੋਂ ਪਵਿੱਤਰ ਰਾਮ ਮੰਦਰਾਂ ਵਿੱਚੋਂ ਇੱਕ ਬਣਾਉਂਦੀ ਹੈ।

ਕੋਂਡੰਡਾ ਰਾਮਾਸਵਾਮੀ ਮੰਦਿਰ ਭਾਰਤ ਦੇ ਪ੍ਰਸਿੱਧ ਰਾਮ ਮੰਦਰਾਂ ਵਿੱਚੋਂ ਇੱਕ ਹੈ ਜੋ ਕਰਨਾਟਕ ਦੇ ਚਿੱਕਮਗਲੁਰੂ ਜ਼ਿਲ੍ਹੇ ਵਿੱਚ ਸਥਿਤ ਹੈ। ਇਹ ਮੰਦਰ ਹੋਯਸਾਲਾ ਅਤੇ ਦ੍ਰਾਵਿੜ ਸ਼ੈਲੀ ਦੀ ਆਰਕੀਟੈਕਚਰ ਦਾ ਸੰਪੂਰਨ ਮਿਸ਼ਰਣ ਹੈ। ਹੀਰੇਮਗਲੂਰ ਵਿੱਚ, ਪਰਸ਼ੂਰਾਮ ਨੇ ਭਗਵਾਨ ਰਾਮ ਨੂੰ ਉਸ ਦੇ ਵਿਆਹ ਦੇ ਦ੍ਰਿਸ਼ ਦਿਖਾਉਣ ਲਈ ਬੇਨਤੀ ਕੀਤੀ ਅਤੇ ਇਸੇ ਲਈ ਹਿੰਦੂ ਵਿਆਹ ਦੀਆਂ ਰਸਮਾਂ ਵਿੱਚ ਪਰੰਪਰਾਵਾਂ ਦੇ ਅਨੁਸਾਰ ਕੋਂਡੰਡਾ ਰਾਮਾਸਵਾਮੀ ਵਿੱਚ ਮੂਰਤੀਆਂ ਰਾਮ ਦੇ ਸੱਜੇ ਪਾਸੇ ਸੀਤਾ ਅਤੇ ਲਕਸ਼ਮਣ ਦੇ ਨਾਲ ਖੜ੍ਹੀਆਂ ਹਨ। ਇਹ ਭਾਰਤ ਦਾ ਇਕਲੌਤਾ ਮੰਦਰ ਹੈ ਜਿੱਥੇ ਤੁਸੀਂ ਰਾਮ ਦੇ ਸੱਜੇ ਪਾਸੇ ਸੀਤਾ ਅਤੇ ਖੱਬੇ ਪਾਸੇ ਲਕਸ਼ਮਣ ਨੂੰ ਖੜ੍ਹੇ ਦੇਖ ਸਕਦੇ ਹੋ।

